HARYANA SIKH GURDWARA MANAGEMENT COMMITTEE
HSGMC
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ

# ਨਾਨਕਸ਼ਾਹੀ ਜੰਤਰੀ ਸੰਮਤ ੫੫੫

## ਸੰਮਤ ਖਾਲਸਾ 324-25 (14 ਮਾਰਚ 2023 - 13 ਮਾਰਚ 2024)



ਪ੍ਰਕਾਸ਼ਕ : ਸਕੱਤਰ ਧਰਮ ਪ੍ਰਚਾਰ, ਹਰਿਆਣਾ ਸਿੱਖ ਗੁਰਦੁਆਰਾ ਮੈਨੇਜ਼ਮੈਂਟ ਕਮੇਟੀ



# ਸੰਦੇਸ਼

**ਗੁਰੂ ਸਵਾਰੇ ਖਾਲਸਾ ਜੀਉ,**

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਗੁਰੂ ਪਾਤਸ਼ਾਹ ਜੀ ਦੀ ਅਪਾਰ ਕਿਰਪਾ ਸਦਕਾ ਸੰਗਤਾਂ ਦੀ ਭਾਰੀ ਮੰਗ ਨੂੰ ਮੁੱਖ ਰੱਖਦੇ ਹੋਏ ਹਰਿਆਣਾ ਸਿੱਖ ਗੁਰਦੁਆਰਾ ਮੈਨੇਜ਼ਮੈਂਟ ਕਮੇਟੀ ਵਲੋਂ 'ਨਾਨਕਸ਼ਾਹੀ ਕੈਲੰਡਰ ਤੇ ਜੰਤਰੀ' ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਸਮੂਹ ਖਾਲਸਾ ਪੰਥ ਆਪਣੇ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ ਨਾਨਕਸ਼ਾਹੀ ਜੰਤਰੀ ਤੇ ਕੈਲੰਡਰ ਅਨੁਸਾਰ ਮਨਾਉਂਦਾ ਹੈ। ਜਿੱਥੇ ਇੱਕ ਪਾਸੇ ਗੁਰਪੁਰਬ ਮਨਾਉਣ ਲਈ ਸੰਗਤਾਂ ਗੁਰੂ ਘਰਾਂ ਵਿੱਚ ਨਤਮਸੱਤਕ ਹੁੰਦੀਆਂ ਹਨ ਦੂਜੇ ਪਾਸੇ ਕਈ ਗੁਰੂ ਘਰਾਂ ਵਿੱਚ ਵੱਖੋ-ਵੱਖ ਦੇਸੀ ਮਹੀਨੇ ਦੀ ਤਾਰੀਖਾਂ ਤੇ ਵੀ ਇੱਕਤਰ ਹੁੰਦੀਆਂ ਹਨ ਅਤੇ ਮਹੀਨੇ ਦੇ ਪਹਿਲੇ ਦਿਨ ਭਾਵ ਸੰਗਰਾਂਦ ਦੇ ਦਿਹਾੜੇ ਤੇ ਹਰ ਇੱਕ ਗੁਰੂ ਘਰ ਵਿੱਚ ਵਿਸ਼ੇਸ਼ ਰੂਪ ਵਿੱਚ ਸ਼੍ਰੀ ਗੁਰੁ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਬਾਰਹਮਾਹਾ ਦੇ ਸ਼ਬਦ ਦੀ ਵੀਚਾਰ ਕੀਤੀ ਜਾਂਦੀ ਹੈ।

ਇਸ ਨੂੰ ਮੁੱਖ ਰੱਖਦੇ ਹੋਏ ਅਸੀਂ ਇਸ ਨਾਨਕਸ਼ਾਹੀ ਜੰਤਰੀ ਵਿੱਚ ਜਿੱਥੇ ਤਾਰੀਖਾਂ ਬਾਰੇ ਜਾਣਕਾਰੀ ਦਿੱਤੀ ਹੈ ਉੱਥੇ ਨਾਲ ਹੀ ਉਸ ਮਹੀਨੇ ਨਾਲ ਸਬੰਧਿਤ ਸ਼ਬਦ ਅਤੇ ਉਸ ਸ਼ਬਦ ਦੀ ਸੰਖੇਪ ਵੀਚਾਰ ਵੀ ਸੰਗਤਾਂ ਤੱਕ ਪਹੁੰਚਾਉਣ ਦਾ ਯਤਨ ਕੀਤਾ ਹੈ। ਆਪ ਸੱਭ ਸੰਗਤਾਂ ਦੇ ਵੱਡਮੁਲੇ ਸੁਝਾਵਾਂ ਨੂੰ ਮੁੱਖ ਰੱਖਦੇ ਹੋਏ ਇਸ ਕਿਤਾਬਚੇ ਵਿੱਚ ਬਚਿੱਆ ਨੂੰ ਆਪਣੇ ਗੋਰਵਮਈ ਵਿਰਸੇ ਨਾਲ ਜੋੜਣ ਲਈ ਸਿੱਖ ਧਰਮ ਦੀ ਮੁੱਢਲੀ ਜਾਣ-ਪਹਿਚਾਣ ਕਾਲੱਮ ਹੇਠ ਕੁੱਝ ਮੁਢਲੀਆਂ ਵੀਚਾਰਾਂ ਵੀ ਪ੍ਰਕਾਸ਼ਿਤ ਕੀਤੀਆ ਹਨ।

ਅਸੀ ਉਮੀਦ ਕਰਦੇ ਹਾਂ ਕਿ ਆਪ ਸੱਭ ਸੰਗਤਾਂ ਲਾਹਾ ਪ੍ਰਾਪਤ ਕਰੋਗੇ ਜੀ। ਗੁਰਬਾਣੀ ਫੁਰਮਾਨ ਹੈ :- ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥ ਸੱਚੇ ਪਾਤਸ਼ਾਹ ਜੀ ਦੀ ਨਦਰਿ/ਬਖਸ਼ਿਸ ਪ੍ਰਾਪਤ ਕਰਨ ਲਈ ਸਾਨੂੰ ਕਿਸੇ ਖਾਸ ਦਿਨ/ਵਾਰ ਦੀ ਉਡੀਕ ਕਰਨ ਦੀ ਜਰੂਰਤ ਨਹੀਂ, ਸਗੋਂ ਨਿਤਾਪ੍ਰਤਿ ਗੁਰੂ ਘਰ ਨਤਮਸਤਕ ਹੋ ਕੇ ਗੁਰੂ ਕੀਆਂ ਅਸੀਸਾ ਲੈਣੀਆਂ ਚਾਹੀਦੀਆਂ ਹਨ। ਆਪ ਸਭ ਸੰਗਤਾਂ ਤੇ ਭਰਪੂਰ ਸਹਿਯੋਗ ਨਾਲ ਹਰਿਆਣਾ ਸੂਬੇ ਦੇ ਇਤਿਹਾਸਿਕ ਗੁਰਧਾਮਾਂ ਦੀਆਂ ਸੇਵਾਵਾਂ ਨਿਰਵਿਘਨ ਚੱਲ ਰਹੀਆਂ ਹਨ। ਧਰਮ ਪ੍ਰਚਾਰ ਲਹਿਰ ਦੀ ਚੜਦੀਕਲਾ ਲਈ ਕਮੇਟੀ ਵਲੋਂ ਪਬਲੀਕੇਸ਼ਨ ਵਿਭਾਗ ਰਾਹੀਂ ਖੋਜ ਭਰਪੂਰ ਲਿਟਰੇਚਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

ਆਪ ਜੀ ਦੇ ਵੱਡਮੁਲੇ ਸਹਿਯੋਗ ਦੀ ਆਸ ਵਿੱਚ

**ਗੁਰੂ ਘਰ ਦੇ ਸੇਵਕ**
**ਮਹੰਤ ਕਰਮਜੀਤ ਸਿੰਘ 'ਸੇਵਾਪੰਥੀ'**
**ਪ੍ਰਧਾਨ , HSGMC**

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁਕਰਵਾਰ | ਸ਼ਨੀਵਾਰ |
|---|---|---|---|---|---|---|
| **ਮਾਰਚ 2023** | | **ਚੇਤ** | | | **ਅਪ੍ਰੈਲ 2023** | |
| ਸੰਗਰਾਂਦ 14 ਮਾਰਚ<br>ਮੱਸਿਆ 21 ਮਾਰਚ<br>ਪੂਰਨਮਾਸ਼ੀ 6 ਅਪ੍ਰੈਲ | | 1 ਚੇਤ<br>14 ਮਾਰਚ<br>ਚੇਤਰ ਵਦੀ ਸਤਮੀਂ | 2 ਚੇਤ<br>15 ਮਾਰਚ<br>ਚੇਤਰ ਵਦੀ ਅਸ਼ਟਮੀ | 3 ਚੇਤ<br>16 ਮਾਰਚ<br>ਚੇਤਰ ਵਦੀ ਨਵਮੀਂ | 4 ਚੇਤ<br>17 ਮਾਰਚ<br>ਚੇਤਰ ਵਦੀ ਦਸਮੀਂ | 5 ਚੇਤ<br>18 ਮਾਰਚ<br>ਚੇਤਰ ਵਦੀ ਇਕਾਦਸੀ |
| 6 ਚੇਤ<br>19 ਮਾਰਚ<br>ਚੇਤਰ ਵਦੀ ਦੁਆਦਸ਼ੀ,ਤ੍ਰੋਦਸੀ | 7 ਚੇਤ<br>20 ਮਾਰਚ<br>ਚੇਤਰ ਵਦੀ ਚੌਦਸ | 8 ਚੇਤ<br>21 ਮਾਰਚ<br>**ਮੱਸਿਆ** | 9 ਚੇਤ<br>22 ਮਾਰਚ<br>ਚੇਤਰ ਸੁਦੀ ਏਕਮ | 10 ਚੇਤ<br>23 ਮਾਰਚ<br>ਚੇਤਰ ਸੁਦੀ ਦੂਜ | 11 ਚੇਤ<br>24 ਮਾਰਚ<br>ਚੇਤਰ ਸੁਦੀ ਤੀਜ | 12 ਚੇਤ<br>25 ਮਾਰਚ<br>ਚੇਤਰ ਸੁਦੀ ਚੌਥ |
| 13 ਚੇਤ<br>26 ਮਾਰਚ<br>ਚੇਤਰ ਸੁਦੀ ਪੰਚਮੀ | 14 ਚੇਤ<br>27 ਮਾਰਚ<br>ਚੇਤਰ ਸੁਦੀ ਛਠੀ | 15 ਚੇਤ<br>28 ਮਾਰਚ<br>ਚੇਤਰ ਸੁਦੀ ਸਤਮੀਂ | 16 ਚੇਤ<br>29 ਮਾਰਚ<br>ਚੇਤਰ ਸੁਦੀ ਅਸ਼ਟਮੀਂ | 17 ਚੇਤ<br>30 ਮਾਰਚ<br>ਚੇਤਰ ਸੁਦੀ ਨਵਮੀਂ | 18 ਚੇਤ<br>31 ਮਾਰਚ<br>ਚੇਤਰ ਸੁਦੀ ਦਸਮੀਂ | 19 ਚੇਤ<br>1 ਅਪ੍ਰੈਲ<br>ਚੇਤਰ ਸੁਦੀ ਇਕਾਦਸੀ |
| 20 ਚੇਤ<br>2 ਅਪ੍ਰੈਲ<br>ਚੇਤਰ ਸੁਦੀ ਦੁਆਦਸੀ | 21 ਚੇਤ<br>3 ਅਪ੍ਰੈਲ<br>ਚੇਤਰ ਸੁਦੀ ਦੁਆਦਸੀ | 22 ਚੇਤ<br>4 ਅਪ੍ਰੈਲ<br>ਚੇਤਰ ਸੁਦੀ ਤਰੋਦਸੀ | 23 ਚੇਤ<br>5 ਅਪ੍ਰੈਲ<br>ਚੇਤਰ ਸੁਦੀ ਚੌਦਸ | 24 ਚੇਤ<br>6 ਅਪ੍ਰੈਲ<br>ਚੇਤਰ ਸੁਦੀ **ਪੂਰਨਮਾਸ਼ੀ** | 25 ਚੇਤ<br>7 ਅਪ੍ਰੈਲ<br>ਵੈਸਾਖ ਵਦੀ ਏਕਮ | 26 ਚੇਤ<br>8 ਅਪ੍ਰੈਲ<br>ਵੈਸਾਖ ਵਦੀ ਦੂਜ |
| 27 ਚੇਤ<br>9 ਅਪ੍ਰੈਲ<br>ਵੈਸਾਖ ਵਦੀ ਤੀਜ | 28 ਚੇਤ<br>10 ਅਪ੍ਰੈਲ<br>ਵੈਸਾਖ ਵਦੀ ਚੌਥ | 29 ਚੇਤ<br>11 ਅਪ੍ਰੈਲ<br>ਵੈਸਾਖ ਵਦੀ ਪੰਚਮੀਂ-ਛਠੀ | 30 ਚੇਤ<br>12 ਅਪ੍ਰੈਲ<br>ਵੈਸਾਖ ਵਦੀ ਸਤਮੀਂ | 31 ਚੇਤ<br>13 ਅਪ੍ਰੈਲ<br>ਵੈਸਾਖ ਵਦੀ ਅਸ਼ਟਮੀ | | |

| ਗੁਰਪੁਰਬ / ਇਤਿਹਾਸਿਕ ਦਿਹਾੜੇ | ਮਹੀਨਾ ਚੇਤ |
|---|---|
| **ਅਰੰਭਤਾ ਸੰਮਤ ਨਾਨਕਸ਼ਾਹੀ 555** | 1 ਚੇਤ / 14 ਮਾਰਚ |
| 200 ਸਾਲਾ ਸ਼ਹੀਦੀ ਦਿਹਾੜਾ ਜੱਥੇਦਾਰ ਅਕਾਲੀ ਫੂਲਾ ਸਿੰਘ ਜੀ | |
| ਸ. ਬਘੇਲ ਸਿੰਘ ਵਲੋਂ ਦਿੱਲੀ ਫਤਿਹ | 2 ਚੇਤ / 15 ਮਾਰਚ |
| ਗੁਰਿਆਈ ਦਿਵਸ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ | 6 ਚੇਤ / 19 ਮਾਰਚ |
| ਗੁਰਿਆਈ ਦਿਵਸ ਸ਼੍ਰੀ ਗੁਰੂ ਅਮਰਦਾਸ ਜੀ | 9 ਚੇਤ / 22 ਮਾਰਚ |
| ਸ਼ਹੀਦੀ ਭਗਤ ਸਿੰਘ ਜੀ | 10 ਚੇਤ / 23 ਮਾਰਚ |
| ਜੋਤੀ ਜੋਤਿ ਦਿਵਸ ਸ਼੍ਰੀ ਗੁਰੂ ਅੰਗਦ ਦੇਵ ਜੀ | 12 ਚੇਤ / 25 ਮਾਰਚ |
| ਸ਼ਹੀਦੀ ਭਾਈ ਸ਼ੁਬੇਗ ਸਿੰਘ ਭਾਈ ਸ਼ਾਹਬਾਜ਼ ਸਿੰਘ | |
| ਜੋਤੀ ਜੋਤਿ ਦਿਵਸ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 13 ਚੇਤ / 26 ਮਾਰਚ |
| ਜੋਤੀ ਜੋਤਿ ਦਿਵਸ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 23 ਚੇਤ / 5 ਅਪ੍ਰੈਲ |
| ਗੁਰਿਆਈ ਦਿਵਸ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ | 27 ਚੇਤ / 9 ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 29 ਚੇਤ / 11 ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ਼੍ਰੀ ਗੁਰੂ ਅਰਜਨ ਸਾਹਿਬ ਜੀ | 30 ਚੇਤ / 12 ਅਪ੍ਰੈਲ |
| ਸਿੱਖ ਦਸਤਾਰ ਦਿਵਸ | 31 ਚੇਤ / 13 ਅਪ੍ਰੈਲ |

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥ ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥ ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥ ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥ ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥੨॥** {ਪੰਨਾ 133}

ਅਰਥ: ਚੇਤ ਵਿਚ (ਬਸੰਤ ਰੁੱਤ ਆਉਂਦੀ ਹੈ, ਹਰ ਪਾਸੇ ਖਿੜੀ ਫੁਲਵਾੜੀ ਮਨ ਨੂੰ ਆਨੰਦ ਦੇਂਦੀ ਹੈ, ਜੇ) ਪਰਮਾਤਮਾ ਨੂੰ ਸਿਮਰੀਏ (ਤਾਂ ਸਿਮਰਨ ਦੀ ਬਰਕਤਿ ਨਾਲ) ਬਹੁਤ ਆਤਮਕ ਆਨੰਦ ਹੋ ਸਕਦਾ ਹੈ। ਪਰ ਜੀਭ ਨਾਲ ਪ੍ਰਭੂ ਦਾ ਨਾਮ ਜਪਣ ਦੀ ਦਾਤਿ ਸੰਤ ਜਨਾਂ ਨੂੰ ਮਿਲ ਕੇ ਹੀ ਪ੍ਰਾਪਤ ਹੁੰਦੀ ਹੈ। ਉਸੇ ਬੰਦੇ ਨੂੰ ਜਗਤ ਵਿਚ ਜੰਮਿਆ ਜਾਣੋ (ਉਸੇ ਦਾ ਜਨਮ ਸਫਲਾ ਸਮਝੋ) ਜਿਸ ਨੇ (ਸਿਮਰਨ ਦੀ ਸਹਾਇਤਾ ਨਾਲ) ਆਪਣੇ ਪਰਮਾਤਮਾ ਦਾ ਮਿਲਾਪ ਹਾਸਲ ਕਰ ਲਿਆ (ਕਿਉਂਕਿ) ਪਰਮਾਤਮਾ ਦੀ ਯਾਦ ਤੋਂ ਬਿਨਾ ਇਕ ਖਿਨ ਮਾਤ੍ਰ ਸਮਾ ਗੁਜ਼ਾਰਿਆਂ ਭੀ ਜ਼ਿੰਦਗੀ ਵਿਅਰਥ ਬੀਤਦੀ ਜਾਣੋ।

ਜੇਹੜਾ ਪ੍ਰਭੂ ਪਾਣੀ ਵਿਚ ਧਰਤੀ ਵਿਚ ਅਕਾਸ਼ ਵਿਚ ਜੰਗਲਾਂ ਵਿਚ ਹਰ ਥਾਂ ਵਿਆਪਕ ਹੈ, ਜੇ ਐਸਾ ਪ੍ਰਭੂ ਕਿਸੇ ਮਨੁੱਖ ਦੇ ਹਿਰਦੇ ਵਿਚ ਨਾਹ ਵੱਸੇ, ਤਾਂ ਉਸ ਮਨੁੱਖ ਦਾ (ਮਾਨਸਕ) ਦੁੱਖ ਬਿਆਨ ਨਹੀਂ ਹੋ ਸਕਦਾ। (ਪਰ) ਜਿਨ੍ਹਾਂ ਬੰਦਿਆਂ ਨੇ ਉਸ (ਸਰਬ ਵਿਆਪਕ) ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੈ, ਉਹਨਾਂ ਦਾ ਬੜਾ ਭਾਗ ਜਾਗ ਪੈਂਦਾ ਹੈ।

ਨਾਨਕ ਦਾ ਮਨ ਭੀ ਹਰੀ ਦੇ ਦੀਦਾਰ ਨੂੰ ਤਾਂਘਦਾ ਹੈ, ਨਾਨਕ ਦੇ ਮਨ ਵਿਚ ਹਰੀ-ਦਰਸਨ ਦੀ ਪਿਆਸ ਹੈ। ਜੇਹੜਾ ਮਨੁੱਖ ਮੈਨੂੰ ਹਰੀ ਦਾ ਮਿਲਾਪ ਕਰਾ ਦੇਵੇ ਮੈਂ ਉਸ ਦੀ ਚਰਨੀਂ ਲੱਗਾਂਗਾ।2।

# ਨਾਨਕਸ਼ਾਹੀ ਸੰਮਤ ੫੫੫ List of months in Samvat Nanakshahi 555

| ਲੜੀਵਾਰ | ਮਹੀਨਾ | Month | ਦਿਨ | Days | ਤੋਂ/Starts | ਤੱਕ/Ends |
|---|---|---|---|---|---|---|
| ੧ | ਚੇਤ | Chet | **31** | 31 | 14-Mar | 13-Apr |
| ੨ | ਵੈਸਾਖ | Vaisakh | **31** | 31 | 14-Apr | 14-May |
| ੩ | ਜੇਠ | Jeth | **31** | 31 | 15-May | 14-Jun |
| ੪ | ਹਾੜ | Harh | **31** | 31 | 15-Jun | 15-Jul |
| ੫ | ਸਾਵਣ | Sawan | **32** | 32 | 16-Jul | 16-Aug |
| ੬ | ਭਾਦੋਂ | Bhadon | **31** | 31 | 17-Aug | 16-Sep |
| ੭ | ਅੱਸੂ | Assu | **30** | 30 | 17-Sep | 16-Oct |
| ੮ | ਕੱਤਕ | Kattak | **30** | 30 | 17-Oct | 15-Nov |
| ੯ | ਮੱਘਰ | Maghar | **30** | 30 | 16-Nov | 15-Dec |
| ੧੦ | ਪੋਹ | Poh | **29** | 29 | 16-Dec | 13-Jan |
| ੧੧ | ਮਾਘ | Magh | **30** | 30 | 14-Jan | 12-Feb |
| ੧੨ | ਫੱਗਣ | Phaggan | **29** | 29 | 13-Feb | 13-Mar |

| ਦਿਨ / ਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁਕਰਵਾਰ | ਸ਼ਨੀਵਾਰ | ਐਤਵਾਰ |
|---|---|---|---|---|---|---|---|

| ਗਿਣਤੀ ਅੱਖਰ | ੧ | ੨ | ੩ | ੪ | ੫ | ੬ | ੭ | ੮ | ੯ | ੦ |
|---|---|---|---|---|---|---|---|---|---|---|

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁਕਰਵਾਰ | ਸ਼ਨੀਵਾਰ |
|---|---|---|---|---|---|---|
| ਅਪ੍ਰੈਲ 2023 | | ਵੈਸਾਖ | | | ਮਈ 2023 | |
| 31 ਵੈਸਾਖ<br>14 ਮਈ<br>ਜੇਠ ਵਦੀ ਦਸਮੀ | | ਸੰਗਰਾਂਦ 14 ਅਪ੍ਰੈਲ<br>ਮੱਸਿਆ 20 ਅਪ੍ਰੈਲ<br>ਪੂਰਨਮਾਸ਼ੀ 5 ਮਈ | | | 1 ਵੈਸਾਖ<br>14 ਅਪ੍ਰੈਲ<br>ਵੈਸਾਖ ਵਦੀ ਨਵਮੀਂ | 2 ਵੈਸਾਖ<br>15 ਅਪ੍ਰੈਲ<br>ਵੈਸਾਖ ਵਦੀ ਦਸਮੀ |
| 3 ਵੈਸਾਖ<br>16 ਅਪ੍ਰੈਲ<br>ਵੈਸਾਖ ਵਦੀ ਇਕਾਦਸੀ | 4 ਵੈਸਾਖ<br>17 ਅਪ੍ਰੈਲ<br>ਵੈਸਾਖ ਵਦੀ ਦੁਆਦਸੀ | 5 ਵੈਸਾਖ<br>18 ਅਪ੍ਰੈਲ<br>ਵੈਸਾਖ ਵਦੀ ਤ੍ਰੋਦਸੀ | 6 ਵੈਸਾਖ<br>19 ਅਪ੍ਰੈਲ<br>ਵੈਸਾਖ ਵਦੀ ਚੌਦਸ | 7 ਵੈਸਾਖ<br>20 ਅਪ੍ਰੈਲ<br>ਮੱਸਿਆ | 8 ਵੈਸਾਖ<br>21 ਅਪ੍ਰੈਲ<br>ਵੈਸਾਖ ਸੁਦੀ ਏਕਮ | 9 ਵੈਸਾਖ<br>22 ਅਪ੍ਰੈਲ<br>ਵੈਸਾਖ ਸੁਦੀ ਦੂਜ |
| 10 ਵੈਸਾਖ<br>23 ਅਪ੍ਰੈਲ<br>ਵੈਸਾਖ ਸੁਦੀ ਤੀਜ | 11 ਵੈਸਾਖ<br>24 ਅਪ੍ਰੈਲ<br>ਵੈਸਾਖ ਸੁਦੀ ਚੌਥ | 12 ਵੈਸਾਖ<br>25 ਅਪ੍ਰੈਲ<br>ਵੈਸਾਖ ਸੁਦੀ ਪੰਚਮੀ | 13 ਵੈਸਾਖ<br>26 ਅਪ੍ਰੈਲ<br>ਵੈਸਾਖ ਸੁਦੀ ਛਟੀ | 14 ਵੈਸਾਖ<br>27 ਅਪ੍ਰੈਲ<br>ਵੈਸਾਖਸੁਦੀ ਸਤਮੀ | 15 ਵੈਸਾਖ<br>28 ਅਪ੍ਰੈਲ<br>ਵੈਸਾਖ ਸੁਦੀ ਅਸਟਮੀ | 16 ਵੈਸਾਖ<br>29 ਅਪ੍ਰੈਲ<br>ਵੈਸਾਖ ਸੁਦੀ ਨਵਮੀਂ |
| 17 ਵੈਸਾਖ<br>30 ਅਪ੍ਰੈਲ<br>ਵੈਸਾਖ ਸੁਦੀ ਦਸਮੀ | 18 ਵੈਸਾਖ<br>1 ਮਈ<br>ਵੈਸਾਖ ਸੁਦੀ ਏਕਾਦਸੀ | 19 ਵੈਸਾਖ<br>2 ਮਈ<br>ਵੈਸਾਖ ਸੁਦੀ ਦੁਆਦਸੀ | 20 ਵੈਸਾਖ<br>3 ਮਈ<br>ਵੈਸਾਖ ਸੁਦੀ ਤ੍ਰੋਦਸੀ | 21 ਵੈਸਾਖ<br>4 ਮਈ<br>ਵੈਸਾਖ ਸੁਦੀ ਚੋਦਸ | 22 ਵੈਸਾਖ<br>5 ਮਈ<br>ਪੂਰਨਮਾਸੀ | 23 ਵੈਸਾਖ<br>6 ਮਈ<br>ਜੇਠ ਵਦੀ ਏਕਮ |
| 24 ਵੈਸਾਖ<br>7 ਮਈ<br>ਜੇਠ ਵਦੀ ਦੂਜ | 25 ਵੈਸਾਖ<br>8 ਮਈ<br>ਜੇਠ ਵਦੀ ਤੀਜ | 26 ਵੈਸਾਖ<br>9 ਮਈ<br>ਜੇਠ ਵਦੀ ਚੌਥ | 27 ਵੈਸਾਖ<br>10 ਮਈ<br>ਜੇਠ ਵਦੀ ਪੰਚਮੀ | 28 ਵੈਸਾਖ<br>11 ਮਈ<br>ਜੇਠ ਵਦੀ ਛਟੀ | 29 ਵੈਸਾਖ<br>12 ਮਈ<br>ਜੇਠ ਵਦੀ ਸਤਮੀ | 30 ਵੈਸਾਖ<br>13 ਮਈ<br>ਜੇਠ ਵਦੀ ਅਸ਼ਟਮੀਂ-ਨੌਮੀਂ |

| | |
|---|---|
| ਖਾਲਸਾ ਸਾਜਨਾ ਦਿਵਸ ਵੈਸਾਖੀ | 1 ਵੈਸਾਖ/ 14 ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ਼੍ਰੀ ਗੁਰੂ ਅੰਗਦ ਦੇਵ ਜੀ | 8 ਵੈਸਾਖ/ 21 ਅਪ੍ਰੈਲ |
| ਜਨਮ ਦਿਹਾੜਾ ਭਗਤ ਧੰਨਾ ਜੀ | |
| ਪ੍ਰਕਾਸ਼ ਗੁਰਪੁਰਬ ਸ਼੍ਰੀ ਗੁਰੂ ਅਮਰਦਾਸ ਜੀ | 21 ਵੈਸਾਖ/ 4 ਮਈ |
| ਸ਼ਹੀਦੀ ਜੋੜ ਮੇਲਾ ਸ਼੍ਰੀ ਮੁਕਤਸਰ ਸਾਹਿਬ | |
| ਜਨਮ ਦਿਹਾੜਾ ਸ. ਜੱਸਾ ਸਿੰਘ ਰਾਮਗੜੀਆ (300 ਸਾਲਾ) | 22 ਵੈਸਾਖ/ 5 ਮਈ |
| ਬਾਬਾ ਬੰਦਾ ਸਿੰਘ ਬਹਾਦਰ ਵਲੋਂ ਸਰਹਿੰਦ ਫਤਿਹ ਦਿਵਸ | 29 ਵੈਸਾਖ/ 12 ਮਈ |
| ਗੁਰਿਆਈ ਦਿਵਸ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 30 ਵੈਸਾਖ /13 ਮਈ |

HARYANA SIKH GURDWARA MANAGEMENT COMMITTEE

HSGMC

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ

**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥ ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥ ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥ ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥ ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥ ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥ ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥੩॥ {ਪੰਨਾ 133}**

ਅਰਥ: (ਵੈਸਾਖੀ ਵਾਲਾ ਦਿਨ ਹਰੇਕ ਇਸਤ੍ਰੀ ਮਰਦ ਵਾਸਤੇ ਰੀਝਾਂ ਵਾਲਾ ਦਿਨ ਹੁੰਦਾ ਹੈ, ਪਰ) ਵੈਸਾਖ ਵਿਚ ਉਹਨਾਂ ਇਸਤ੍ਰੀਆਂ ਦਾ ਦਿਲ ਕਿਵੇਂ ਖਲੋਵੇ ਜੋ ਪਤੀ ਤੋਂ ਵਿੱਛੁੜੀਆਂ ਪਈਆਂ ਹਨ, ਜਿਨ੍ਹਾਂ ਦੇ ਅੰਦਰ ਪਿਆਰ (ਦੇ ਪ੍ਰਗਟਾਵੇ) ਦੀ ਅਣਹੋਂਦ ਹੈ, (ਇਸ ਤਰ੍ਹਾਂ ਉਸ ਜੀਵ ਨੂੰ ਧੀਰਜ ਕਿਵੇਂ ਆਵੇ ਜਿਸ ਨੂੰ) ਸੱਜਣ-ਪ੍ਰਭੂ ਵਿਸਾਰ ਕੇ ਮਨ-ਮੋਹਣੀ ਮਾਇਆ ਚੰਬੜੀ ਹੋਈ ਹੈ?

ਨਾਹ ਪੁਤ੍ਰ, ਨਾਹ ਇਸਤ੍ਰੀ, ਨਾਹ ਧਨ, ਕੋਈ ਭੀ ਮਨੁੱਖ ਦੇ ਨਾਲ ਨਹੀਂ ਨਿਭਦਾ ਇਕ ਅਬਿਨਾਸੀ ਪਰਮਾਤਮਾ ਹੀ ਅਸਲ ਸਾਥੀ ਹੈ। ਨਾਸਵੰਤ ਧੰਧੇ ਦਾ ਮੋਹ (ਸਾਰੀ ਲੁਕਾਈ ਨੂੰ ਹੀ) ਵਿਆਪ ਰਿਹਾ ਹੈ, (ਮਾਇਆ ਦੇ ਮੋਹ ਵਿਚ) ਮੁੜ ਮੁੜ ਫਸ ਕੇ ਸਾਰੀ ਲੁਕਾਈ ਹੀ (ਆਤਮਕ ਮੌਤੇ) ਮਰ ਰਹੀ ਹੈ। ਇਕ ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਹੋਰ ਜਿਤਨੇ ਭੀ ਕਰਮ ਇਥੇ ਕਰੀਦੇ ਹਨ, ਉਹ ਸਾਰੇ ਮਰਨ ਤੋਂ ਪਹਿਲਾਂ ਹੀ ਖੋਹ ਲਏ ਜਾਂਦੇ ਹਨ (ਭਾਵ, ਉਹ ਉੱਚੇ ਆਤਮਕ ਜੀਵਨ ਦਾ ਅੰਗ ਨਹੀਂ ਬਣ ਸਕਦੇ) ।

ਪਿਆਰ-ਸਰੂਪ ਪ੍ਰਭੂ ਨੂੰ ਵਿਸਾਰ ਕੇ ਖ਼ੁਆਰੀ ਹੀ ਹੁੰਦੀ ਹੈ, ਪਰਮਾਤਮਾ ਤੋਂ ਬਿਨਾ ਜਿੰਦ ਦਾ ਹੋਰ ਕੋਈ ਸਾਥੀ ਹੀ ਨਹੀਂ ਹੁੰਦਾ। ਪ੍ਰਭੂ ਪ੍ਰੀਤਮ ਦੀ ਚਰਨੀਂ ਜੇਹੜੇ ਬੰਦੇ ਲਗਦੇ ਹਨ, ਉਹਨਾਂ ਦੀ (ਲੋਕ ਪਰਲੋਕ ਵਿਚ) ਭਲੀ ਸੋਭਾ ਹੁੰਦੀ ਹੈ।

ਹੇ ਪ੍ਰਭੂ! (ਤੇਰੇ ਦਰ ਤੇ) ਮੇਰੀ ਬੇਨਤੀ ਹੈ ਕਿ ਮੈਨੂੰ ਤੇਰਾ ਦਿਲ-ਰੱਜਵਾਂ ਮਿਲਾਪ ਨਸੀਬ ਹੋਵੇ। (ਰੁੱਤ ਫਿਰਨ ਨਾਲ ਚੁਫੇਰੇ ਬਨਸਪਤੀ ਪਈ ਸੁਹਾਵਣੀ ਹੋ ਜਾਏ, ਪਰ) ਜਿੰਦ ਨੂੰ ਵੈਸਾਖ ਦਾ ਮਹੀਨਾ ਤਦੋਂ ਹੀ ਸੋਹਣਾ ਲੱਗ ਸਕਦਾ ਹੈ ਜੇ ਹਰੀ ਸੰਤ-ਪ੍ਰਭੂ ਮਿਲ ਪਏ।3।

# ਸਾਲ 2023 ਦੇ ਗੁਰਪੁਰਬ ਤਾਰੀਖਾਂ ਦਾ ਵੇਰਵਾ

| ਗੁਰੂ ਸਾਹਿਬਾਨ | ਪ੍ਰਕਾਸ਼ ਦਿਹੜਾ | ਗੁਰਿਆਈ | ਜੋਤੀ ਜੋਤ |
|---|---|---|---|
| ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ | 27 ਨਵੰਬਰ 2023, | ਪ੍ਰਕਾਸ਼ ਤੋਂ, | 9 ਅਕਤੂਬਰ 2023 |
| ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ | 21 ਅਪ੍ਰੈਲ 2023, | 03 ਅਕਤੂਬਰ 2023, | 25 ਮਾਰਚ 2023 |
| ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ | 04 ਮਈ 2023, | 22 ਮਾਰਚ 2023, | 29 ਸਤੰਬਰ 2023 |
| ਚੋਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ | 30 ਅਕਤੂਬਰ 2023, | 27 ਸਤੰਬਰ 2023, | 18 ਸਤੰਬਰ 2023 |
| ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ | 12 ਅਪ੍ਰੈਲ 2023, | 17 ਸਤੰਬਰ 2023, | 23 ਮਈ 2023 |
| ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਜੀ | 05 ਜੂਨ 2023, | 13 ਮਈ 2023, | 26 ਮਾਰਚ 2023 |
| ਸੱਤਵੀਂ ਪਾਤਸ਼ਾਹੀ ਗੁਰੂ ਹਰਿ ਰਾਇ ਜੀ | 3 ਫਰਵਰੀ 2023, | 19 ਮਾਰਚ 2023, | 06 ਨਵੰਬਰ 2023 |
| ਅਠਵੀਂ ਪਾਤਸ਼ਾਹੀ ਗੁਰੂ ਹਰਿ ਕ੍ਰਿਸ਼ਨ ਜੀ | 11 ਜੁਲਾਈ 2023, | 6 ਨਵੰਬਰ 2023, | 05 ਅਪ੍ਰੈਲ 2023 |
| ਨੌਵੀ ਪਾਤਸ਼ਾਹੀ ਗੁਰੂ ਤੇਗ ਬਹਾਦੁਰ ਜੀ | 11 ਅਪ੍ਰੈਲ 2023, | 04 ਅਪ੍ਰੈਲ 2023, | 17 ਦਸੰਬਰ 2023 |
| ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ | | 15 ਦਸੰਬਰ 2023, | 18 ਨਵੰਬਰ 2023 |

| | |
|---|---|
| ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 16 ਸਤੰਬਰ 2023 |
| ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 15 ਨਵੰਬਰ 2023 |
| ਮੀਰੀ ਪੀਰੀ ਦਿਵਸ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ | 28 ਜੂਨ. 2023 |

## ਕੁਰਬਾਨੀ ਤਿਨਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁਕਰਵਾਰ | ਸ਼ਨੀਵਾਰ |
|---|---|---|---|---|---|---|
| **ਮਈ 2023** | | **ਜੇਠ** | | | **ਜੂਨ. 2023** | |
| | 1 ਜੇਠ<br>15 ਮਈ<br>ਜੇਠ ਵਦੀ ਇਕਾਦਸੀ | 2 ਜੇਠ<br>16 ਮਈ<br>ਜੇਠ ਵਦੀ ਦੁਆਦਸੀ | 3 ਜੇਠ<br>17 ਮਈ<br>ਜੇਠ ਵਦੀ ਤ੍ਰੋਦਸੀ | 4 ਜੇਠ<br>18 ਮਈ<br>ਜੇਠ ਵਦੀ ਚੌਦਸ | 5 ਜੇਠ<br>19 ਮਈ<br>**ਮੱਸਿਆ** | 6 ਜੇਠ<br>20 ਮਈ<br>ਜੇਠ ਸੁਦੀ ਏਕਮ |
| 7 ਜੇਠ<br>21 ਮਈ<br>ਜੇਠ ਸੁਦੀ ਦੂਜ | 8 ਜੇਠ<br>22 ਮਈ<br>ਜੇਠ ਸੁਦੀ ਤੀਜ | 9 ਜੇਠ<br>23 ਮਈ<br>ਜੇਠ ਸੁਦੀ ਚੌਥ | 10 ਜੇਠ<br>24 ਮਈ<br>ਜੇਠ ਸੁਦੀ ਪੰਚਮੀ | 11 ਜੇਠ<br>25 ਮਈ<br>ਜੇਠ ਸੁਦੀ ਛਟ | 12 ਜੇਠ<br>26 ਮਈ<br>ਜੇਠ ਸੁਦੀ ਸਤਮੀ | 13 ਜੇਠ<br>27 ਮਈ<br>ਜੇਠ ਸੁਦੀ ਸਤਮੀ |
| 14 ਜੇਠ<br>28 ਮਈ<br>ਜੇਠ ਸੁਦੀ ਅਸ਼ਟਮੀ | 15 ਜੇਠ<br>29 ਮਈ<br>ਜੇਠ ਸੁਦੀ ਨੋਮੀ | 16 ਜੇਠ<br>30 ਮਈ<br>ਜੇਠ ਸੁਦੀ ਦਸਮੀ | 17 ਜੇਠ<br>31 ਮਈ<br>ਜੇਠ ਸੁਦੀ ਇਕਾਦਸੀ | 18 ਜੇਠ<br>1 ਜੂਨ.<br>ਜੇਠ ਸੁਦੀ ਦੁਆਦਸੀ | 19 ਜੇਠ<br>2 ਜੂਨ.<br>ਜੇਠ ਸੁਦੀ ਤ੍ਰੋਦਸੀ | 20 ਜੇਠ<br>3 ਜੂਨ.<br>ਜੇਠ ਸੁਦੀ ਚੌਦਸ |
| 21 ਜੇਠ<br>4 ਜੂਨ.<br>**ਪੂਰਨਮਾਸੀ** | 22 ਜੇਠ<br>5 ਜੂਨ.<br>ਹਾੜ ਵਦੀ ਏਕਮ-ਦੂਜ | 23 ਜੇਠ<br>6 ਜੂਨ.<br>ਹਾੜ ਵਦੀ ਤੀਜ | 24 ਜੇਠ<br>7 ਜੂਨ.<br>ਹਾੜ ਵਦੀ ਚੌਥ | 25 ਜੇਠ<br>8 ਜੂਨ.<br>ਹਾੜ ਵਦੀ ਪੰਚਮੀ | 26 ਜੇਠ<br>9 ਜੂਨ.<br>ਹਾੜ ਵਦੀ ਛਟ | 27 ਜੇਠ<br>10 ਜੂਨ.<br>ਹਾੜ ਵਦੀ ਸਤਮੀ |
| 28 ਜੇਠ<br>11 ਜੂਨ.<br>ਹਾੜ ਵਦੀ ਅਸ਼ਟਮੀ | 29 ਜੇਠ<br>12 ਜੂਨ.<br>ਹਾੜ ਵਦੀ ਨੌਮੀ | 30 ਜੇਠ<br>13 ਜੂਨ.<br>ਹਾੜ ਵਦੀ ਦਸਮੀ | 31 ਜੇਠ<br>14 ਜੂਨ.<br>ਹਾੜ ਵਦੀ ਇਕਾਦਸੀ | **ਸੰਗਰਾਂਦ 15 ਮਈ<br>ਮੱਸਿਆ 19 ਮਈ<br>ਪੂਰਨਮਾਸੀ 4 ਜੂਨ** | | |

| ਗੁਰਪੁਰਬ / ਇਤਿਹਾਸਿਕ ਦਿਹਾੜੇ | ਮਹੀਨਾ ਕੱਤਕ |
|---|---|
| ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ) | 03 ਜੇਠ / 17 ਮਈ |
| ਜਨਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ | 05 ਜੇਠ / 19 ਮਈ |
| ਸ਼ਹੀਦੀ ਸਾਕਾ ਪਾਉਂਟਾ ਸਾਹਿਬ | 09 ਜੇਠ / 23 ਮਈ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 09 ਜੇਠ / 23 ਮਈ |
| ਘੱਲੂਘਾਰਾ ਸ੍ਰੀ ਅਕਾਲ ਤਖ਼ਤ ਸਾਹਿਬ (1984) | 21 ਜੇਠ / 4 ਜੂਨ |
| ਜੋੜ-ਮੇਲਾ ਗੁਰਦੁਆਰਾ ਸ੍ਰੀ ਰੀਠਾ ਸਾਹਿਬ | 21 ਜੇਠ / 4 ਜੂਨ |
| ਜਨਮ ਦਿਹਾੜਾ ਭਗਤ ਕਬੀਰ ਜੀ | 21 ਜੇਠ / 4 ਜੂਨ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 22 ਜੇਠ / 5 ਜੂਨ |
| ਸ਼ਹੀਦੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ | 23 ਜੇਠ / 6 ਜੂਨ |
| ਸ਼ਹੀਦੀ ਭਾਈ ਅਮਰੀਕ ਸਿੰਘ ਜੀ | 23 ਜੇਠ / 6 ਜੂਨ |
| ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ | 25 ਜੇਠ / 8 ਜੂਨ |
| | |
| | |
| | |
| | |
| | |

**ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥ ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥ ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥ ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥ ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥ ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥ ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥ ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥ ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥ {ਪੰਨਾ 134}**

ਅਰਥ: ਜਿਸ ਹਰੀ ਦੇ ਅੱਗੇ ਸਾਰੇ ਜੀਵ ਸਿਰ ਨਿਵਾਂਦੇ ਹਨ, ਜੇਠ ਦੇ ਮਹੀਨੇ ਵਿਚ ਉਸ ਦੇ ਚਰਨਾਂ ਵਿਚ ਜੁੜਨਾ ਚਾਹੀਦਾ ਹੈ। ਜੇ ਹਰੀ ਸੱਜਣ ਦੇ ਲੜ ਲੱਗੇ ਰਹੀਏ ਤਾਂ ਉਹ ਕਿਸੇ (ਜਮ ਆਦਿਕ) ਨੂੰ ਆਗਿਆ ਨਹੀਂ ਦੇਂਦਾ ਕਿ ਬੰਨ੍ਹ ਕੇ ਅੱਗੇ ਲਾ ਲਏ (ਭਾਵ, ਪ੍ਰਭੂ ਦੇ ਲੜ ਲੱਗਿਆਂ ਜਮਾਂ ਦਾ ਡਰ ਨਹੀਂ ਰਹਿ ਜਾਂਦਾ) । (ਲੋਕ ਹੀਰੇ ਮੋਤੀ ਲਾਲ ਆਦਿਕ ਕੀਮਤੀ ਧਨ ਇਕੱਠਾ ਕਰਨ ਲਈ ਦੌੜ-ਭੱਜ ਕਰਦੇ ਹਨ, ਪਰ ਉਸ ਧਨ ਦੇ ਚੋਰੀ ਹੋ ਜਾਣ ਦਾ ਭੀ ਤੌਖ਼ਲਾ ਰਹਿੰਦਾ ਹੈ) ਪਰਮਾਤਮਾ ਦਾ ਨਾਮ ਹੀਰੇ ਮੋਤੀ ਆਦਿਕ ਐਸਾ ਕੀਮਤਿ ਧਨ ਹੈ ਕਿ ਉਹ ਚੁਰਾਇਆ ਨਹੀਂ ਜਾ ਸਕਦਾ। ਪਰਮਾਤਮਾ ਦੇ ਜਿਤਨੇ ਭੀ ਕੌਤਕ ਹੋ ਰਹੇ ਹਨ, (ਨਾਮ-ਧਨ ਦੀ ਬਰਕਤਿ ਨਾਲ) ਉਹ ਸਾਰੇ ਮਨ ਵਿਚ ਪਿਆਰੇ ਲੱਗਦੇ ਹਨ। (ਇਹ ਭੀ ਸਮਝ ਆ ਜਾਂਦੀ ਹੈ ਕਿ) ਪ੍ਰਭੂ ਆਪ ਤੇ ਉਸ ਦੇ ਪੈਦਾ ਕੀਤੇ ਜੀਵ ਉਹੀ ਕੁਝ ਕਰਦੇ ਹਨ ਜੋ ਉਸ ਪ੍ਰਭੂ ਨੂੰ ਚੰਗਾ ਲੱਗਦਾ ਹੈ।

ਜਿਨ੍ਹਾਂ ਬੰਦਿਆਂ ਨੂੰ ਪ੍ਰਭੂ ਨੇ (ਆਪਣੀ ਸਿਫ਼ਤਿ-ਸਾਲਾਹ ਦੀ ਦਾਤਿ ਦੇ ਕੇ) ਆਪਣਾ ਬਣਾ ਲਿਆ ਹੈ, ਉਹਨਾਂ ਨੂੰ ਹੀ (ਜਗਤ ਵਿਚ) ਸ਼ਾਬਾਸ਼ੇ ਮਿਲਦੀ ਹੈ। (ਪਰ ਪਰਮਾਤਮਾ ਜੀਵਾਂ ਦੇ ਆਪਣੇ ਉੱਦਮ ਨਾਲ ਨਹੀਂ ਮਿਲ ਸਕਦਾ) ਜੇ ਜੀਵਾਂ ਦੇ ਆਪਣੇ ਉੱਦਮ ਨਾਲ ਮਿਲ ਸਕਦਾ ਹੋਵੇ, ਤਾਂ ਜੀਵ ਉਸ ਤੋਂ ਵਿੱਛੁੜ ਕੇ ਦੁਖੀ ਕਿਉਂ ਹੋਣ? ਹੇ ਨਾਨਕ! (ਪ੍ਰਭੂ ਦੇ ਮਿਲਾਪ ਦੇ) ਆਨੰਦ (ਉਹੀ ਬੰਦੇ) ਮਾਣਦੇ ਹਨ, ਜਿਨ੍ਹਾਂ ਨੂੰ ਗੁਰੂ ਦਾ ਸਾਥ ਮਿਲ ਜਾਏ। ਜਿਸ ਮਨੁੱਖ ਦੇ ਮੱਥੇ ਉੱਤੇ ਭਾਗ ਜਾਗੇ, ਉਸ ਨੂੰ ਜੇਠ ਮਹੀਨਾ ਸੁਹਾਵਣਾ ਲੱਗਦਾ ਹੈ, ਉਸੇ ਨੂੰ ਪ੍ਰਭੂ-ਮਾਲਕ ਮਿਲਦਾ ਹੈ।4।

# ਗੁਰਪੁਰਬ / ਇਤਿਹਾਸਕ ਦਿਹਾੜੇ / ਭਗਤ ਸਾਹਿਬਾਨ ਦੇ ਦਿਹਾੜੇ/ਸਰਕਾਰੀ ਛੁੱਟੀਆਂ

ਮਹੀਨਾ ਚੇਤ

| | |
|---|---|
| ਅਰੰਭਤਾ ਸੰਮਤ ਨਾਨਕਸ਼ਾਹੀ 554 | 01 ਚੇਤ / 14 ਮਾਰਚ |
| ਸ਼ਹੀਦੀ ਦਿਹਾੜਾ ਜਥੇ. ਅਕਾਲੀ ਫੂਲਾ ਸਿੰਘ ਜੀ (200 ਸਾਲਾ) | 01 ਚੇਤ / 14 ਮਾਰਚ |
| ਸ. ਬਘੇਲ ਸਿੰਘ ਵੱਲੋਂ ਦਿੱਲੀ ਫ਼ਤਿਹ | 02 ਚੇਤ / 15 ਮਾਰਚ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 06 ਚੇਤ / 19 ਮਾਰਚ |
| ਗੁਰਿਆਈ ਦਿਵਸ ਸ੍ਰੀ ਗੁਰੂ ਅਮਰਦਾਸ ਜੀ | 09 ਚੇਤ / 22 ਮਾਰਚ |
| ਸ਼ਹੀਦੀ ਸ. ਭਗਤ ਸਿੰਘ | 10 ਚੇਤ / 23 ਮਾਰਚ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਅੰਗਦ ਦੇਵ ਜੀ | 12 ਚੇਤ / 25 ਮਾਰਚ |
| ਸ਼ਹੀਦੀ ਭਾਈ ਸੁਬੇਗ ਸਿੰਘ ਭਾਈ ਸ਼ਾਹਬਾਜ ਸਿੰਘ | 12 ਚੇਤ / 12 ਮਾਰਚ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 13 ਚੇਤ / 26 ਮਾਰਚ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 23 ਚੇਤ / 05 ਅਪ੍ਰੈਲ |
| ਗੁਰਿਆਈ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 23 ਚੇਤ / 05 ਅਪ੍ਰੈਲ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ | 27 ਚੇਤ / 09 ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 29 ਚੇਤ / 11 ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ | 30 ਚੇਤ / 12 ਅਪ੍ਰੈਲ |
| ਸਿੱਖ ਦਸਤਾਰ ਦਿਵਸ | 31 ਚੇਤ / 13 ਅਪ੍ਰੈਲ |

ਮਹੀਨਾ ਵੈਸਾਖ

| | |
|---|---|
| ਖਾਲਸਾ ਸਾਜਣਾ ਦਿਵਸ (ਵੈਸਾਖੀ) | 01 ਵੈਸਾਖ / 14 ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅੰਗਦ ਦੇਵ ਜੀ | 08 ਵੈਸਾਖ / 21 ਅਪ੍ਰੈਲ |
| ਜਨਮ ਦਿਹਾੜਾ ਭਗਤ ਧੰਨਾ ਜੀ | 08 ਵੈਸਾਖ / 21 ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਮਰਦਾਸ ਜੀ | 21 ਵੈਸਾਖ / 04 ਮਈ |
| ਸ਼ਹੀਦੀ ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ | 21 ਵੈਸਾਖ / 04 ਮਈ |
| ਜਨਮ ਦਿਹਾੜਾ ਸ. ਜੱਸਾ ਸਿੰਘ ਜੀ ਰਾਮਗੜ੍ਹੀਆ (300 ਸਾਲਾ) | 22 ਵੈਸਾਖ / 05 ਮਈ |
| ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ | 29 ਵੈਸਾਖ / 12 ਮਈ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 30 ਵੈਸਾਖ / 13 ਮਈ |

ਮਹੀਨਾ ਜੇਠ

| | |
|---|---|
| ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ) | 03 ਜੇਠ / 17 ਮਈ |
| ਜਨਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ | 05 ਜੇਠ / 19 ਮਈ |
| ਸ਼ਹੀਦੀ ਸਾਕਾ ਪਾਉਂਟਾ ਸਾਹਿਬ | 09 ਜੇਠ / 23 ਮਈ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ (ਜੇਠ ਸੁਦੀ 4) | 09 ਜੇਠ / 23 ਮਈ |
| ਘੱਲੂਘਾਰਾ ਸ੍ਰੀ ਅਕਾਲ ਤਖ਼ਤ ਸਾਹਿਬ (1984) | 21 ਜੇਠ / 04 ਜੂਨ |
| ਜੋੜ-ਮੇਲਾ ਗੁਰਦੁਆਰਾ ਸ੍ਰੀ ਰੀਠਾ ਸਾਹਿਬ | 21 ਜੇਠ / 04 ਜੂਨ |
| ਜਨਮ ਦਿਹਾੜਾ ਭਗਤ ਕਬੀਰ ਜੀ | 21 ਜੇਠ / 04 ਜੂਨ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 22 ਜੇਠ / 05 ਜੂਨ |
| ਸ਼ਹੀਦੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ | 23 ਜੇਠ / 06 ਜੂਨ |
| ਸ਼ਹੀਦੀ ਭਾਈ ਅਮਰੀਕ ਸਿੰਘ ਜੀ | 23 ਜੇਠ / 06 ਜੂਨ |
| ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ | 25 ਜੇਠ / 08 ਜੂਨ |

ਮਹੀਨਾ ਹਾੜ

| | |
|---|---|
| ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ | 11 ਹਾੜ / 25 ਜੂਨ |
| ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ | 14 ਹਾੜ / 28 ਜੂਨ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | 15 ਹਾੜ / 29 ਜੂਨ |
| ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ | 25 ਹਾੜ / 09 ਜੁਲਾਈ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 27 ਹਾੜ / 11 ਜੁਲਾਈ |

ਮਹੀਨਾ ਸਾਵਣ

| | |
|---|---|
| ਸ਼ਹੀਦੀ ਦਿਹਾੜਾ ਭਾਈ ਤਾਰੂ ਸਿੰਘ ਜੀ | 01 ਸਾਵਣ / 16 ਜੁਲਾਈ |
| ਸ਼ਹੀਦੀ ਸ. ਊਧਮ ਸਿੰਘ | 16 ਸਾਵਣ / 31 ਜੁਲਾਈ |
| ਮੋਰਚਾ ਗੁਰੂ ਕਾ ਬਾਗ (ਸ੍ਰੀ ਅੰਮ੍ਰਿਤਸਰ) | 24 ਸਾਵਣ / 08 ਅਗਸਤ |
| ਭਾਰਤ ਦਾ ਅਜ਼ਾਦੀ ਦਿਵਸ | 31 ਸਾਵਣ / 15 ਅਗਸਤ |

ਮਹੀਨਾ ਭਾਦੋਂ

| | |
|---|---|
| ਸ਼ਹੀਦੀ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ | 05 ਭਾਦੋਂ / 21 ਅਗਸਤ |
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 14 ਭਾਦੋਂ / 30 ਅਗਸਤ |
| ਜੋੜ-ਮੇਲਾ ਬਾਬਾ ਬਕਾਲਾ | 15 ਭਾਦੋਂ / 31 ਅਗਸਤ |

ਮਹੀਨਾ ਅੱਸੂ

| | |
|---|---|
| ਗੁਰਿਆਈ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 01 ਅੱਸੂ / 17 ਸਤੰਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਰਾਮਦਾਸ ਜੀ | 02 ਅੱਸੂ / 18 ਸਤੰਬਰ |
| ਜੋੜ-ਮੇਲਾ ਗੁਰਦੁਆਰਾ ਕੰਧ ਸਾਹਿਬ | |
| ਵਿਆਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ (ਬਟਾਲਾ) | 06 ਅੱਸੂ / 22 ਸਤੰਬਰ |
| ਗੁਰਿਆਈ ਦਿਵਸ ਸ੍ਰੀ ਗੁਰੂ ਰਾਮਦਾਸ ਜੀ | 11 ਅੱਸੂ / 27 ਸਤੰਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਅਮਰਦਾਸ ਜੀ (ਜੋੜ-ਮੇਲਾ ਗੋਇੰਦਵਾਲ ਸਾਹਿਬ) | 13 ਅੱਸੂ / 29 ਸਤੰਬਰ |
| ਗੁਰਿਆਈ ਦਿਵਸ ਸ੍ਰੀ ਗੁਰੂ ਅੰਗਦ ਦੇਵ ਜੀ | 17 ਅੱਸੂ / 03 ਅਕਤੂਬਰ |
| ਜੋੜ-ਮੇਲਾ ਬੀੜ ਬਾਬਾ ਬੁੱਢਾ ਜੀ (ਠੱਠਾ) | 21-22 ਅੱਸੂ/7 -8 ਅਕਤੂਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਨਾਨਕ ਦੇਵ ਜੀ | 23 ਅੱਸੂ / 09 ਅਕਤੂਬਰ |
| ਸ਼ਹੀਦੀ ਭਾਈ ਸੁਖਦੇਵ ਸਿੰਘ (ਸੁੱਖਾ) ਅਤੇ ਭਾਈ ਹਰਜਿੰਦਰ ਸਿੰਘ (ਜਿੰਦਾ) | 23 ਅੱਸੂ / 23 ਅਕਤੂਬਰ |
| ਜਨਮ ਭਾਈ ਤਾਰੂ ਸਿੰਘ ਜੀ | 24 ਅੱਸੂ / 10 ਅਕਤੂਬਰ |

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁਕਰਵਾਰ | ਸ਼ਨੀਵਾਰ |
|---|---|---|---|---|---|---|
| **ਜੂਨ.2023** | | **ਹਾੜ** | | | **ਜੁਲਾਈ 2023** | |
| | ਸੰਗਰਾਂਦ 15 ਜੂਨ<br>ਮੱਸਿਆ 18 ਜੂਨ<br>ਪੂਰਨਮਾਸੀ 3 ਜੁਲਾਈ | | | 1 ਹਾੜ<br>15 ਜੂਨ<br>ਹਾੜ ਵਦੀ ਦੁਆਦਸੀ | 2 ਹਾੜ<br>16 ਜੂਨ<br>ਹਾੜ ਵਦੀ ਤ੍ਰੌਦਸੀ | 3 ਹਾੜ<br>17 ਜੂਨ<br>ਹਾੜ ਵਦੀ ਚੌਦਸ |
| 4 ਹਾੜ<br>18 ਜੂਨ<br>**ਮੱਸਿਆ** | 5 ਹਾੜ<br>19 ਜੂਨ<br>ਹਾੜ ਸੁਦੀ ਏਕਮ | 6 ਹਾੜ<br>20 ਜੂਨ<br>ਹਾੜ ਸੁਦੀ ਦੂਜ | 7 ਹਾੜ<br>21 ਜੂਨ<br>ਹਾੜ ਸੁਦੀ ਤੀਜ | 8 ਹਾੜ<br>22 ਜੂਨ<br>ਹਾੜ ਸੁਦੀ ਚੌਥ | 9 ਹਾੜ<br>23 ਜੂਨ<br>ਹਾੜ ਸੁਦੀ ਪੰਚਮੀ | 10 ਹਾੜ<br>24 ਜੂਨ<br>ਹਾੜ ਸੁਦੀ ਛਟ |
| 11 ਹਾੜ<br>25 ਜੂਨ<br>ਹਾੜ ਸੁਦੀ ਸਤਮੀ | 12 ਹਾੜ<br>26 ਜੂਨ<br>ਹਾੜ ਸੁਦੀ ਅਸ਼ਟਮੀ | 13 ਹਾੜ<br>27 ਜੂਨ<br>ਹਾੜ ਸੁਦੀ ਨੌਮੀ | 14 ਹਾੜ<br>28 ਜੂਨ<br>ਹਾੜ ਸੁਦੀ ਦਸਮੀ | 15 ਹਾੜ<br>29 ਜੂਨ<br>ਹਾੜ ਸੁਦੀ ਇਕਾਦਸੀ | 16 ਹਾੜ<br>30 ਜੂਨ<br>ਹਾੜ ਸੁਦੀ ਦੁਆਦਸੀ | 17 ਹਾੜ<br>1 ਜੁਲਾਈ<br>ਹਾੜ ਸੁਦੀ ਤ੍ਰੌਦਸੀ |
| 18 ਹਾੜ<br>2 ਜੁਲਾਈ<br>ਹਾੜ ਸੁਦੀ ਚੌਦਸ | 19 ਹਾੜ<br>3 ਜੁਲਾਈ<br>**ਪੂਰਨਮਾਸੀ** | 20 ਹਾੜ<br>4 ਜੁਲਾਈ<br>ਸਾਵਣ ਵਦੀ ਏਕਮ | 21 ਹਾੜ<br>5 ਜੁਲਾਈ<br>ਸਾਵਣ ਵਦੀ ਦੂਜ | 22 ਹਾੜ<br>6 ਜੁਲਾਈ<br>ਸਾਵਣ ਵਦੀ ਤੀਜ-ਚੌਥ | 23 ਹਾੜ<br>7 ਜੁਲਾਈ<br>ਸਾਵਣ ਵਦੀ ਪੰਚਮੀ | 24 ਹਾੜ<br>8 ਜੁਲਾਈ<br>ਸਾਵਣ ਵਦੀ ਛਟ |
| 25 ਹਾੜ<br>9 ਜੁਲਾਈ<br>ਸਾਵਣ ਵਦੀ ਸਤਮੀ | 26 ਹਾੜ<br>10 ਜੁਲਾਈ<br>ਸਾਵਣ ਵਦੀ ਅਸ਼ਟਮੀ | 27 ਹਾੜ<br>11 ਜੁਲਾਈ<br>ਸਾਵਣ ਵਦੀ ਨੌਮੀ | 28 ਹਾੜ<br>12 ਜੁਲਾਈ<br>ਸਾਵਣ ਵਦੀ ਦਸਮੀ | 29 ਹਾੜ<br>13 ਜੁਲਾਈ<br>ਸਾਵਣ ਵਦੀ ਇਕਾਦਸੀ | 30 ਹਾੜ<br>14 ਜੁਲਾਈ<br>ਸਾਵਣ ਵਦੀ ਦੁਆਦਸੀ | 31 ਹਾੜ<br>15 ਜੁਲਾਈ<br>ਸਾਵਣ ਵਦੀ ਤ੍ਰੌਦਸੀ |

| ਗੁਰਪੁਰਬ / ਇਤਿਹਾਸਿਕ ਦਿਹਾੜੇ | ਮਹੀਨਾ ਕੱਤਕ |
|---|---|
| | |
| ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ | 11 ਹਾੜ / 25 ਜੂਨ |
| ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ | 14 ਹਾੜ / 28 ਜੂਨ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | 15 ਹਾੜ / 29 ਜੂਨ |
| ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ | 25 ਹਾੜ / 9 ਜੁਲਾਈ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 27 ਹਾੜ / 11 ਜੁਲਾਈ |

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥ ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥ ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥ ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥ ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥ ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥ ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥ ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥ {ਪੰਨਾ 134}

ਅਰਥ: ਹਾੜ ਦਾ ਮਹੀਨਾ ਉਸ ਜੀਵ ਨੂੰ ਤਪਦਾ ਪ੍ਰਤੀਤ ਹੁੰਦਾ ਹੈ (ਉਹ ਬੰਦੇ ਹਾੜ ਦੇ ਮਹੀਨੇ ਵਾਂਗ ਤਪਦੇ-ਕਲਪਦੇ ਰਹਿੰਦੇ ਹਨ) ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ-ਪਤੀ ਨਹੀਂ ਵੱਸਦਾ, ਜੇਹੜੇ ਜਗਤ-ਦੇ-ਸਹਾਰੇ ਪਰਮਾਤਮਾ (ਦਾ ਆਸਰਾ) ਛੱਡ ਕੇ ਬੰਦਿਆਂ ਦੀਆਂ ਆਸਾਂ ਬਣਾਈ ਰੱਖਦੇ ਹਨ।

(ਪ੍ਰਭੂ ਤੋਂ ਬਿਨਾ) ਕਿਸੇ ਹੋਰ ਦੇ ਆਸਰੇ ਰਿਹਾਂ ਖ਼ੁਆਰ ਹੀ ਹੋਈਦਾ ਹੈ, (ਜੋ ਭੀ ਕੋਈ ਹੋਰ ਸਹਾਰਾ ਤੱਕਦਾ ਹੈ) ਉਸ ਦੇ ਗਲ ਵਿਚ ਜਮ ਦੀ ਫਾਹੀ ਪੈਂਦੀ ਹੈ (ਉਸ ਦਾ ਜੀਵਨ ਸਦਾ ਸਹਮ ਵਿਚ ਬੀਤਦਾ ਹੈ) । (ਕੁਦਰਤਿ ਦਾ ਨਿਯਮ ਹੀ ਐਸਾ ਹੈ ਕਿ) ਮਨੁੱਖ ਜੇਹਾ ਬੀਜ ਬੀਜਦਾ ਹੈ, (ਕੀਤੇ ਕਰਮਾਂ ਅਨੁਸਾਰ) ਜੇਹੜਾ ਲੇਖ ਉਸਦੇ ਮੱਥੇ ਉੱਤੇ ਲਿਖਿਆ ਜਾਂਦਾ ਹੈ, ਉਹੋ ਜਿਹਾ ਫਲ ਉਹ ਪ੍ਰਾਪਤ ਕਰਦਾ ਹੈ। (ਜਗਜੀਵਨ ਪੁਰਖ ਨੂੰ ਵਿਸਾਰਨ ਵਾਲੀ ਜੀਵ-ਇਸਤ੍ਰੀ ਦੀ) ਸਾਰੀ ਜ਼ਿੰਦਗੀ ਪਛੁਤਾਵਿਆਂ ਵਿਚ ਹੀ ਗੁਜ਼ਰਦੀ ਹੈ, ਉਹ ਜਗਤ ਤੋਂ ਟੁੱਟੇ ਹੋਏ ਦਿਲ ਨਾਲ ਹੀ ਤੁਰ ਪੈਂਦੀ ਹੈ।

ਜਿਨ੍ਹਾਂ ਬੰਦਿਆਂ ਨੂੰ ਗੁਰੂ ਮਿਲ ਪੈਂਦਾ ਹੈ, ਉਹ ਪਰਮਾਤਮਾ ਦੀ ਹਜ਼ੂਰੀ ਵਿਚ ਸੁਰਖ਼ਰੂ ਹੁੰਦੇ ਹਨ (ਆਦਰ-ਮਾਣ ਪਾਂਦੇ ਹਨ) । ਹੇ ਪ੍ਰਭੂ! (ਤੇਰੇ ਅੱਗੇ) ਨਾਨਕ ਦੀ ਬੇਨਤੀ ਹੈ- ਆਪਣੀ ਮਿਹਰ ਕਰ, (ਮੇਰੇ ਮਨ ਵਿਚ) ਤੇਰੇ ਦਰਸਨ ਦੀ ਤਾਂਘ ਬਣੀ ਰਹੇ, (ਕਿਉਂਕਿ) ਹੇ ਪ੍ਰਭੂ! ਤੈਥੋਂ ਬਿਨਾ ਮੇਰਾ ਕੋਈ ਹੋਰ ਆਸਰਾ-ਪਰਨਾ ਨਹੀਂ ਹੈ।

ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦੇ ਚਰਨਾਂ ਦਾ ਨਿਵਾਸ ਬਣਿਆ ਰਹੇ, ਉਸ ਨੂੰ (ਤਪਦਾ) ਹਾੜ (ਭੀ) ਸੁਹਾਵਣਾ ਜਾਪਦਾ ਹੈ (ਉਸ ਨੂੰ ਦੁਨੀਆ ਦੇ ਦੁੱਖ-ਕਲੇਸ਼ ਭੀ ਦੁਖੀ ਨਹੀਂ ਕਰ ਸਕਦੇ) ।5।

# ਗੁਰਪੁਰਬ / ਇਤਿਹਾਸਕ ਦਿਹਾੜੇ / ਭਗਤ ਸਾਹਿਬਾਨ ਦੇ ਦਿਹਾੜੇ/ਸਰਕਾਰੀ ਛੁੱਟੀਆਂ

ਮਹੀਨਾ ਕੱਤਕ

| | |
|---|---|
| ਜੋੜ-ਮੇਲਾ ਬਾਬਾ ਬੁੱਢਾ ਜੀ (ਰਮਦਾਸ) | 02 ਕੱਤਕ / 18 ਅਕਤੂਬਰ |
| ਜਨਮ ਸੰਤ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂਵਾਲੇ | 05 ਕੱਤਕ / 21 ਅਕਤੂਬਰ |
| ਅਕਾਲ ਚਲਾਣਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ | 07 ਕੱਤਕ / 23 ਅਕਤੂਬਰ |
| ਜਨਮ ਦਿਹਾੜਾ ਬਾਬਾ ਬੁੱਢਾ ਜੀ (ਕੱਥੂਨੰਗਲ) | 07 ਕੱਤਕ / 23 ਅਕਤੂਬਰ |
| ਦਰਬਾਰ ਖ਼ਾਲਸਾ (ਦੁਸਹਿਰਾ) | 08 ਕੱਤਕ / 24 ਅਕਤੂਬਰ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ | 14 ਕੱਤਕ / 30 ਅਕਤੂਬਰ |
| ਸਾਕਾ ਪੰਜਾ ਸਾਹਿਬ (ਪਾਕਿਸਤਾਨ) (100 ਸਾਲਾ) | 14 ਕੱਤਕ / 30 ਅਕਤੂਬਰ |
| ਸ਼ਹੀਦੀ ਭਾਈ ਬੇਅੰਤ ਸਿੰਘ | 15 ਕੱਤਕ / 31 ਅਕਤੂਬਰ |
| ਹਰਿਆਣਾ/ਪੰਜਾਬੀ ਸੂਬਾ ਦਿਵਸ | 16 ਕੱਤਕ / 01 ਨਵੰਬਰ |
| ਜਨਮ ਮਾਤਾ ਸਾਹਿਬ ਕੌਰ ਜੀ | 18 ਕੱਤਕ / 03 ਨਵੰਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 21 ਕੱਤਕ / 06 ਨਵੰਬਰ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 21 ਕੱਤਕ / 06 ਨਵੰਬਰ |

ਮਹੀਨਾ ਮੱਘਰ

| | |
|---|---|
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 03 ਮੱਘਰ / 18 ਨਵੰਬਰ |
| ਜਨਮ ਦਿਹਾੜਾ ਭਗਤ ਨਾਮਦੇਵ ਜੀ | 08 ਮੱਘਰ / 23 ਨਵੰਬਰ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | 12 ਮੱਘਰ / 27 ਨਵੰਬਰ |
| ਅਕਾਲ ਚਲਾਣਾ ਭਾਈ ਮਰਦਾਨਾ ਜੀ | 13 ਮੱਘਰ / 28 ਨਵੰਬਰ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ | 15 ਮੱਘਰ / 30 ਨਵੰਬਰ |
| ਸ਼ਹੀਦੀ ਦਿਹਾੜਾ ਬਾਬਾ ਗੁਰਬਖਸ਼ ਸਿੰਘ ਜੀ | 19 ਮੱਘਰ / 04 ਦਸੰਬਰ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ | 29 ਮੱਘਰ / 14 ਦਸੰਬਰ |
| ਸਥਾਪਨਾ ਦਿਵਸ ਸ਼੍ਰੋਮਣੀ ਅਕਾਲੀ ਦਲ | 29 ਮੱਘਰ / 14 ਦਸੰਬਰ |
| ਗੁਰਿਆਈ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 30 ਮੱਘਰ / 15 ਦਸੰਬਰ |

ਮਹੀਨਾ ਪੋਹ

| | |
|---|---|
| ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 02 ਪੋਹ / 17 ਦਸੰਬਰ |
| ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਛੱਡਣਾ | 06 ਪੋਹ / 21 ਦਸੰਬਰ |
| ਪਰਿਵਾਰ ਵਿਛੋੜਾ ਸਰਸਾ ਨੰਗਲ | 07 ਪੋਹ / 22 ਦਸੰਬਰ |
| ਸ਼ਹੀਦੀ ਦਿਹਾੜਾ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) | 07 ਪੋਹ / 22 ਦਸੰਬਰ |
| ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ | 08 ਪੋਹ / 23 ਦਸੰਬਰ |
| ਸ਼ਹੀਦੀ ਦਿਹਾੜਾ ਭਾਈ ਸੰਗਤ ਸਿੰਘ ਜੀ | 09 ਪੋਹ / 25 ਦਸੰਬਰ |
| ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ | 13 ਪੋਹ / 28 ਦਸੰਬਰ |
| ਸ਼ਹੀਦੀ ਭਾਈ ਕੇਹਰ ਸਿੰਘ, ਭਾਈ ਸਤਵੰਤ ਸਿੰਘ | 22 ਪੋਹ / 06 ਜਨਵਰੀ |

ਮਹੀਨਾ ਮਾਘ

| | |
|---|---|
| ਨੀਂਹ-ਪੱਥਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) | 01 ਮਾਘ / 14 ਜਨਵਰੀ |
| ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ (ਮਾਘੀ) | 01 ਮਾਘ / 14 ਜਨਵਰੀ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 04 ਮਾਘ / 17 ਜਨਵਰੀ |
| ਚਾਬੀਆਂ ਦਾ ਮੋਰਚਾ (ਸ੍ਰੀ ਅੰਮ੍ਰਿਤਸਰ) | 07 ਮਾਘ / 20 ਜਨਵਰੀ |
| ਭਾਰਤ ਦਾ ਗਣਤੰਤਰ ਦਿਵਸ | 13 ਮਾਘ / 26 ਜਨਵਰੀ |
| ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ | 14 ਮਾਘ / 27 ਜਨਵਰੀ |
| ਵੱਡਾ ਘੱਲੂਘਾਰਾ ਕੁੱਪ-ਰੋਹੀੜਾ (ਸੰਗਰੂਰ) | 27 ਮਾਘ / 09 ਫਰਵਰੀ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ | 30 ਮਾਘ / 12 ਫਰਵਰੀ |

ਮਹੀਨਾ ਫੱਗਣ

| | |
|---|---|
| ਬਸੰਤ ਪੰਚਮੀ | 02 ਫੱਗਣ / 14 ਫਰਵਰੀ |
| ਵਿਆਹ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰੂ ਕਾ ਲਾਹੌਰ | 02 ਫੱਗਣ / 14 ਫਰਵਰੀ |
| ਸਾਕਾ ਨਨਕਾਣਾ ਸਾਹਿਬ (ਪਾਕਿਸਤਾਨ) | 09 ਫੱਗਣ / 21 ਫਰਵਰੀ |
| ਜੈਤੋ ਦਾ ਮੋਰਚਾ (ਫਰੀਦਕੋਟ) | 09 ਫੱਗਣ / 21 ਫਰਵਰੀ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 10 ਫੱਗਣ / 22 ਫਰਵਰੀ |
| ਜਨਮ ਦਿਹਾੜਾ ਭਗਤ ਰਵਿਦਾਸ ਜੀ | 12 ਫੱਗਣ / 24 ਫਰਵਰੀ |
| ਕੌਮਾਂਤਰੀ ਮਹਿਲਾ ਦਿਵਸ | 24 ਫੱਗਣ / 07 ਮਾਰਚ |


| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁਕਰਵਾਰ | ਸ਼ਨੀਵਾਰ | ਗੁਰਪੁਰਬ / ਇਤਿਹਾਸਿਕ ਦਿਹਾੜੇ | ਮਹੀਨਾ ਕੱਤਕ |
|---|---|---|---|---|---|---|---|---|
| **ਜੁਲਾਈ 2023** | | **ਸਾਵਣ** | | | **ਅਗਸਤ 2023** | | | |
| 1 ਸਾਵਣ<br>16 ਜੁਲਾਈ<br>ਸਾਵਣ ਵਦੀ ਚੌਦਸ | 2 ਸਾਵਣ<br>17 ਜੁਲਾਈ<br>ਮੱਸਿਆ | 3 ਸਾਵਣ<br>18 ਜੁਲਾਈ<br>ਸਾਵਣ ਸੁਦੀ ਏਕਮ | 4 ਸਾਵਣ<br>19 ਜੁਲਾਈ<br>ਸਾਵਣ ਸੁਦੀ ਦੂਜ | 5 ਸਾਵਣ<br>20 ਜੁਲਾਈ<br>ਸਾਵਣ ਸੁਦੀ ਤੀਜ | 6 ਸਾਵਣ<br>21 ਜੁਲਾਈ<br>ਸਾਵਣ ਸੁਦੀ ਤੀਜ | 7 ਸਾਵਣ<br>22 ਜੁਲਾਈ<br>ਸਾਵਣ ਸੁਦੀ ਚੌਥ | ਸ਼ਹੀਦੀ ਦਿਹਾੜਾ ਭਾਈ ਤਾਰੂ ਸਿੰਘ ਜੀ<br>ਸ਼ਹੀਦੀ ਸ. ਊਧਮ ਸਿੰਘ<br>ਮੋਰਚਾ ਗੁਰੂ ਕਾ ਬਾਗ (ਸ੍ਰੀ ਅੰਮ੍ਰਿਤਸਰ) | 01 ਸਾਵਣ / 16 ਜੁਲਾਈ<br>16 ਸਾਵਣ / 31 ਜੁਲਾਈ<br>24 ਸਾਵਣ / 08 ਅਗਸਤ |
| 8 ਸਾਵਣ<br>23 ਜੁਲਾਈ<br>ਸਾਵਣ ਸੁਦੀ ਪੰਚਮੀ | 9 ਸਾਵਣ<br>24 ਜੁਲਾਈ<br>ਸਾਵਣ ਸੁਦੀ ਛਟ | 10 ਸਾਵਣ<br>25 ਜੁਲਾਈ<br>ਸਾਵਣ ਸੁਦੀ ਸਤਮੀ | 11 ਸਾਵਣ<br>26 ਜੁਲਾਈ<br>ਸਾਵਣ ਸੁਦੀ ਅਸ਼ਟਮੀ | 12 ਸਾਵਣ<br>27 ਜੁਲਾਈ<br>ਸਾਵਣ ਸੁਦੀ ਨੌਮੀ | 13 ਸਾਵਣ<br>28 ਜੁਲਾਈ<br>ਸਾਵਣ ਸੁਦੀ ਦਸਮੀ | 14 ਸਾਵਣ<br>29 ਜੁਲਾਈ<br>ਸਾਵਣ ਸੁਦੀ ਇਕਾਦਸੀ | ਭਾਰਤ ਦਾ ਅਜ਼ਾਦੀ ਦਿਵਸ | 31 ਸਾਵਣ / 15 ਅਗਸਤ |
| 15 ਸਾਵਣ<br>30 ਜੁਲਾਈ<br>ਸਾਵਣ ਸੁਦੀ ਦੁਆਦਸੀ | 16 ਸਾਵਣ<br>31 ਜੁਲਾਈ<br>ਸਾਵਣ ਸੁਦੀ ਤ੍ਰੌਦਸੀ-ਚੌਦਸ | 17 ਸਾਵਣ<br>1 ਅਗਸਤ<br>ਪੂਰਨਮਾਸੀ | 18 ਸਾਵਣ<br>2 ਅਗਸਤ<br>ਸਾਵਣ ਵਦੀ ਏਕਮ | 19 ਸਾਵਣ<br>3 ਅਗਸਤ<br>ਸਾਵਣ ਵਦੀ ਦੂਜ | 20 ਸਾਵਣ<br>4 ਅਗਸਤ<br>ਸਾਵਣ ਵਦੀ ਤੀਜ | 21 ਸਾਵਣ<br>5 ਅਗਸਤ<br>ਸਾਵਣ ਵਦੀ ਚੌਥ | | |
| 22 ਸਾਵਣ<br>6 ਅਗਸਤ<br>ਸਾਵਣ ਵਦੀ ਪੰਚਮੀ-ਛਟ | 23 ਸਾਵਣ<br>7 ਅਗਸਤ<br>ਸਾਵਣ ਵਦੀ ਸਤਮੀ | 24 ਸਾਵਣ<br>8 ਅਗਸਤ<br>ਸਾਵਣ ਵਦੀ ਅਸ਼ਟਮੀ | 25 ਸਾਵਣ<br>9 ਅਗਸਤ<br>ਸਾਵਣ ਵਦੀ ਨੌਮੀ | 26 ਸਾਵਣ<br>10 ਅਗਸਤ<br>ਸਾਵਣ ਵਦੀ ਦਸਮੀ | 27 ਸਾਵਣ<br>11 ਅਗਸਤ<br>ਸਾਵਣ ਵਦੀ ਇਕਾਦਸੀ | 28 ਸਾਵਣ<br>12 ਅਗਸਤ<br>ਸਾਵਣ ਵਦੀ ਇਕਾਦਸੀ | | |
| 29 ਸਾਵਣ<br>13 ਅਗਸਤ<br>ਸਾਵਣ ਵਦੀ ਦੁਆਦਸੀ | 30 ਸਾਵਣ<br>14 ਅਗਸਤ<br>ਸਾਵਣ ਵਦੀ ਤ੍ਰੌਦਸੀ | 31 ਸਾਵਣ<br>15 ਅਗਸਤ<br>ਸਾਵਣ ਵਦੀ ਚੌਦਸ | 32 ਸਾਵਣ<br>16 ਅਗਸਤ<br>ਮੱਸਿਆ | ਸੰਗਰਾਂਦ 17 ਅਗਸਤ<br>ਪੂਰਨਮਾਸੀ 1 ਅਗਸਤ<br>ਮੱਸਿਆ 16 ਅਗਸਤ | | | | |

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥ ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥ ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥ ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥ ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥ ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥ ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥ ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥ ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥੬॥ {ਪੰਨਾ 134}**


ਅਰਥ: ਜਿਵੇਂ ਸਾਵਣ ਵਿਚ (ਵਰਖਾ ਨਾਲ ਬਨਸਪਤੀ ਹਰਿਆਵਲੀ ਹੋ ਜਾਂਦੀ ਹੈ, ਤਿਵੇਂ ਉਹ) ਜੀਵ-ਇਸਤ੍ਰੀ ਹਰਿਆਵਲੀ ਹੋ ਜਾਂਦੀ ਹੈ (ਭਾਵ, ਉਸ ਜੀਵ ਦਾ ਹਿਰਦਾ ਖਿੜ ਪੈਂਦਾ ਹੈ) ਜਿਸ ਦਾ ਪਿਆਰ ਪ੍ਰਭੂ ਦੇ ਸੁਹਣੇ ਚਰਨਾਂ ਨਾਲ ਬਣ ਜਾਂਦਾ ਹੈ। ਉਸ ਦਾ ਮਨ ਉਸ ਦਾ ਤਨ ਪਰਮਾਤਮਾ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ, ਪਰਮਾਤਮਾ ਦਾ ਨਾਮ ਹੀ (ਉਸ ਦੀ ਜ਼ਿੰਦਗੀ ਦਾ) ਆਸਰਾ ਬਣ ਜਾਂਦਾ ਹੈ, ਮਾਇਆ ਦੇ ਨਾਸਵੰਤ ਕੌਤਕ ਉਸ ਨੂੰ ਸਾਰੇ ਸੁਆਹ (ਨਿਕੰਮੇ) ਦਿਸਦੇ ਹਨ। (ਸਾਵਣ ਵਿਚ ਜਿਵੇਂ ਵਰਖਾ ਦੀ ਬੂੰਦ ਸੋਹਣੀ ਲੱਗਦੀ ਹੈ, ਤਿਵੇਂ ਪ੍ਰਭੂ-ਚਰਨਾਂ ਦੇ ਪਿਆਰ ਵਾਲੇ ਬੰਦੇ ਨੂੰ) ਹਰੀ ਦੇ ਨਾਮ ਦੀ ਆਤਮਕ ਜੀਵਨ ਦੇਣ ਵਾਲੀ ਬੂੰਦ ਪਿਆਰੀ ਲੱਗਦੀ ਹੈ, ਗੁਰੂ ਨੂੰ ਮਿਲ ਕੇ ਉਹ ਮਨੁੱਖ ਉਸ ਬੂੰਦ ਨੂੰ ਪੀਣ ਜੋਗਾ ਹੋ ਪੈਂਦਾ ਹੈ (ਪ੍ਰਭੂ ਦੀ ਵਡਿਆਈ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਭੀ ਉਸ ਨੂੰ ਮਿੱਠੀਆਂ ਲੱਗਦੀਆਂ ਹਨ, ਗੁਰੂ ਨੂੰ ਮਿਲ ਕੇ ਬੜੇ ਸ਼ੌਕ ਨਾਲ ਸੁਣਦਾ ਹੈ) ।

ਜਿਸ ਪ੍ਰਭੂ ਦੇ ਮੇਲ ਨਾਲ ਸਾਰਾ ਜਗਤ (ਬਨਸਪਤੀ ਆਦਿਕ) ਹਰਿਆ-ਭਰਿਆ ਹੋਇਆ ਹੈ, ਜੋ ਪ੍ਰਭੂ ਸਭ ਕੁਝ ਕਰਨ ਜੋਗਾ ਹੈ ਵਿਆਪਕ ਹੈ ਤੇ ਬੇਅੰਤ ਹੈ, ਉਸ ਨੂੰ ਮਿਲਣ ਵਾਸਤੇ ਮੇਰਾ ਮਨ ਭੀ ਤਾਂਘਦਾ ਹੈ, ਪਰ ਉਹ ਪ੍ਰਭੂ ਆਪ ਹੀ ਆਪਣੀ ਮਿਹਰ ਨਾਲ ਮਿਲਾਣ ਦੇ ਸਮਰੱਥ ਹੈ। ਮੈਂ ਉਹਨਾਂ ਗੁਰਮੁਖ ਸਹੇਲੀਆਂ ਤੋਂ ਸਦਕੇ ਹਾਂ, ਸਦਾ ਕੁਰਬਾਨ ਹਾਂ ਜਿਨ੍ਹਾਂ ਨੇ ਪ੍ਰਭੂ ਦਾ ਮਿਲਾਪ ਹਾਸਲ ਕਰ ਲਿਆ ਹੈ। ਹੇ ਨਾਨਕ! (ਬੇਨਤੀ ਕਰ ਤੇ ਆਖ-) ਹੇ ਪ੍ਰਭੂ! ਮੇਰੇ ਉੱਤੇ ਮਿਹਰ ਕਰ, ਤੂੰ ਆਪ ਹੀ ਗੁਰੂ ਦੇ ਸ਼ਬਦ ਦੀ ਰਾਹੀਂ (ਮੇਰੀ ਜਿੰਦ ਨੂੰ) ਸਵਾਰਨ ਜੋਗਾ ਹੈਂ।ਸਾਵਣ ਦਾ ਮਹੀਨਾ ਉਹਨਾਂ ਭਾਗਾਂ ਵਾਲੀਆਂ (ਜੀਵ-ਇਸਤ੍ਰੀਆਂ) ਵਾਸਤੇ (ਖੇੜਾ ਤੇ ਠੰਡ ਲਿਆਉਣ ਵਾਲਾ) ਹੈ ਜਿਨ੍ਹਾਂ ਨੇ ਆਪਣੇ ਹਿਰਦੇ (ਰੂਪ ਗਲ) ਵਿਚ ਪਰਮਾਤਮਾ ਦਾ ਨਾਮ (-ਰੂਪ) ਹਾਰ ਪਾਇਆ ਹੋਇਆ ਹੈ।6।

## ਮੂਲ ਨਾਨਕਸ਼ਾਹੀ ਕੈਲੰਡਰ ਵਿੱਚ ਸਦਾ ਸਥਿਰ
### ਗੁਰਬਾਣੀ ਦੀਆਂ ਰੁੱਤਾਂ




## Gurbani's Seasons Permanently in Sync
### in the Mool Nanakshahi Calendar



| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁਕਰਵਾਰ | ਸ਼ਨੀਵਾਰ | ਗੁਰਪੁਰਬ / ਇਤਿਹਾਸਿਕ ਦਿਹਾੜੇ | ਮਹੀਨਾ ਕੱਤਕ |
|---|---|---|---|---|---|---|---|---|
| **ਅਗਸਤ 2023** | | **ਭਾਦੋਂ** | | | **ਸਤੰਬਰ 2023** | | | |
| | ਸੰਗਰਾਂਦ 17 ਅਗਸਤ<br>ਪੂਰਨਮਾਸੀ 31 ਅਗਸਤ<br>ਮੱਸਿਆ 14-15 ਸਤੰਬਰ | | | 1 ਭਾਦੋਂ<br>17 ਅਗਸਤ<br>ਸੰਗਰਾਂਦ ਸਾਵਣ ਸੁਦੀ ਏਕਮ | 2 ਭਾਦੋਂ<br>18 ਅਗਸਤ<br>ਸਾਵਣ ਸੁਦੀ ਦੂਜ | 3 ਭਾਦੋਂ<br>19 ਅਗਸਤ<br>ਸਾਵਣ ਸੁਦੀ ਤੀਜ | ਸ਼ਹੀਦੀ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ<br>ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ<br>ਜੋੜ-ਮੇਲਾ ਬਾਬਾ ਬਕਾਲਾ | 05 ਭਾਦੋਂ / 21 ਅਗਸਤ<br>14 ਭਾਦੋਂ / 30 ਅਗਸਤ<br>15 ਭਾਦੋਂ / 31 ਅਗਸਤ |
| 4 ਭਾਦੋਂ<br>20 ਅਗਸਤ<br>ਸਾਵਣ ਸੁਦੀ ਚੌਥ | 5 ਭਾਦੋਂ<br>21 ਅਗਸਤ<br>ਸਾਵਣ ਸੁਦੀ ਪੰਚਮ | 6 ਭਾਦੋਂ<br>22 ਅਗਸਤ<br>ਸਾਵਣ ਸੁਦੀ ਛਟ | 7 ਭਾਦੋਂ<br>23 ਅਗਸਤ<br>ਸਾਵਣ ਸੁਦੀ ਸਤਮੀ | 8 ਭਾਦੋਂ<br>24 ਅਗਸਤ<br>ਸਾਵਣ ਸੁਦੀ ਅਸ਼ਟਮੀ | 9 ਭਾਦੋਂ<br>25 ਅਗਸਤ<br>ਸਾਵਣ ਸੁਦੀ ਨਵਮੀ | 10 ਭਾਦੋਂ<br>26 ਅਗਸਤ<br>ਸਾਵਣ ਸੁਦੀ ਦਸਮੀ | ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 31 ਭਾਦੋਂ / 16 ਸਤੰਬਰ |
| 11 ਭਾਦੋਂ<br>27 ਅਗਸਤ<br>ਸਾਵਣ ਸੁਦੀ ਇਕਾਦਸੀ | 12 ਭਾਦੋਂ<br>28 ਅਗਸਤ<br>ਸਾਵਣ ਸੁਦੀ ਦੁਆਦਸੀ | 13 ਭਾਦੋਂ<br>29 ਅਗਸਤ<br>ਸਾਵਣ ਸੁਦੀ ਤ੍ਰੌਦਸੀ | 14 ਭਾਦੋਂ<br>30 ਅਗਸਤ<br>ਸਾਵਣ ਸੁਦੀ ਚੌਦਸ | 15 ਭਾਦੋਂ<br>31 ਅਗਸਤ<br>ਭਾਦਰੋਂ ਵਦੀ ਏਕਮ ਪੂਰਨਮਾਸ਼ੀ | 16 ਭਾਦੋਂ<br>1 ਸਤੰਬਰ<br>ਭਾਦਰੋਂ ਵਦੀ ਦੂਜ | 17 ਭਾਦੋਂ<br>2 ਸਤੰਬਰ<br>ਭਾਦਰੋਂ ਵਦੀ ਤੀਜ | | |
| 18 ਭਾਦੋਂ<br>3 ਸਤੰਬਰ<br>ਭਾਦਰੋ ਵਦੀ ਚੌਥ | 19 ਮੱਘਰ<br>4 ਸਤੰਬਰ<br>ਭਾਦਰੋ ਵਦੀ ਪੰਚਮੀ | 20 ਮੱਘਰ<br>5 ਸਤੰਬਰ<br>ਭਾਦਰੋ ਵਦੀ ਛਟ | 21 ਮੱਘਰ<br>6 ਸਤੰਬਰ<br>ਭਾਦਰੋ ਵਦੀ ਸਤਮੀ | 22 ਮੱਘਰ<br>7 ਸਤੰਬਰ<br>ਭਾਦਰੋ ਵਦੀ ਅਸ਼ਟਮੀ | 23 ਮੱਘਰ<br>8 ਸਤੰਬਰ<br>ਭਾਦਰੋ ਵਦੀ ਨਵਮੀ | 24 ਮੱਘਰ<br>9 ਸਤੰਬਰ<br>ਭਾਦਰੋ ਵਦੀ ਦਸਮੀ | | |
| 25 ਭਾਦੋਂ<br>10 ਸਤੰਬਰ<br>ਭਾਦਰੋ ਵਦੀ ਇਕਾਦਸੀ | 26 ਭਾਦੋਂ<br>11 ਸਤੰਬਰ<br>ਭਾਦਰੋਂ ਵਦੀ ਦੁਆਦਸੀ | 27 ਭਾਦੋਂ<br>12 ਸਤੰਬਰ<br>ਭਾਦਰੋਂ ਵਦੀ ਤ੍ਰੌਦਸੀ | 28 ਭਾਦੋਂ<br>13 ਸਤੰਬਰ<br>ਭਾਦਰੋਂ ਵਦੀ ਚੌਦਸ | 29 ਭਾਦੋਂ<br>14 ਸਤੰਬਰ<br>ਮੱਸਿਆ | 30 ਭਾਦੋਂ<br>15 ਸਤੰਬਰ<br>ਮੱਸਿਆ | 31 ਭਾਦੋਂ<br>16 ਸਤੰਬਰ<br>ਭਾਦਰੋਂ ਸੁਦੀ ਏਕਮ | | |

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥ ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥ ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥ ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥ ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥ ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥ ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥ ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥ {ਪੰਨਾ 134}

**ਅਰਥ:** (ਜਿਵੇਂ) ਭਾਦਰੋਂ (ਦੇ ਤ੍ਰਾਟਕੇ ਤੇ ਘੁੰਮੇ) ਵਿਚ (ਮਨੁੱਖ ਬਹੁਤ ਘਬਰਾਂਦਾ ਹੈ, ਤਿਵੇਂ) ਜਿਸ ਜੀਵ-ਇਸਤ੍ਰੀ ਦਾ ਪਿਆਰ ਪ੍ਰਭੂ-ਪਤੀ ਤੋਂ ਬਿਨਾ ਕਿਸੇ ਹੋਰ ਨਾਲ ਲੱਗਦਾ ਹੈ ਉਹ ਭਟਕਣਾ ਦੇ ਕਾਰਨ ਜੀਵਨ ਦੇ ਸਹੀ ਰਸਤੇ ਤੋਂ ਖੁੰਝ ਜਾਂਦੀ ਹੈ, ਉਹ ਭਾਵੇਂ ਲੱਖਾਂ ਹਾਰ ਸਿੰਗਾਰ ਕਰੇ, (ਉਸ ਦੇ) ਕਿਸੇ ਕੰਮ ਨਹੀਂ ਆਉਂਦੇ।

ਜਿਸ ਦਿਨ ਮਨੁੱਖ ਦਾ ਸਰੀਰ ਨਾਸ ਹੋਵੇਗਾ (ਜਦੋਂ ਮਨੁੱਖ ਮਰ ਜਾਇਗਾ) ਉਸ ਵੇਲੇ (ਸਾਰੇ ਸਾਕ-ਅੰਗ) ਆਖਣਗੇ ਕਿ ਇਹ ਹੁਣ ਗੁਜ਼ਰ ਗਿਆ ਹੈ। (ਲੋਥ ਅਪਵਿਤ੍ਰ ਪਈ ਹੈ, ਇਸ ਨੂੰ ਛੇਤੀ ਬਾਹਰ ਲੈ ਚੱਲੋ) । ਜਮਦੂਤ (ਜਿੰਦ ਨੂੰ) ਫੜ ਕੇ ਅੱਗੇ ਲਾ ਲੈਂਦੇ ਹਨ, ਕਿਸੇ ਨੂੰ (ਇਹ) ਭੇਤ ਨਹੀਂ ਦੱਸਦੇ (ਕਿ ਕਿੱਥੇ ਲੈ ਚੱਲੇ ਹਾਂ) । (ਜਿਨ੍ਹਾਂ ਸੰਬੰਧੀਆਂ ਨਾਲ (ਸਾਰੀ ਉਮਰ ਬੜਾ) ਪਿਆਰ ਬਣਿਆ ਰਹਿੰਦਾ ਹੈ ਉਹ ਪਲ ਵਿਚ ਹੀ ਸਾਥ ਛੱਡ ਬੈਠਦੇ ਹਨ।

(ਮੌਤ ਆਈ ਵੇਖ ਕੇ ਮਨੁੱਖ) ਬੜਾ ਪਛੁਤਾਂਦਾ ਹੈ, ਉਸ ਦਾ ਸਰੀਰ ਔਖਾ ਹੁੰਦਾ ਹੈ, ਉਹ ਕਾਲੁ ਤੋਂ ਚਿੱਟਾ ਪਿਆ ਹੁੰਦਾ ਹੈ (ਘਬਰਾਹਟ ਨਾਲ ਇਕ ਰੰਗ ਆਉਂਦਾ ਹੈ ਇਕ ਜਾਂਦਾ ਹੈ) । ਇਹ ਸਰੀਰ ਮਨੁੱਖ ਦੇ ਕੀਤੇ ਕਰਮਾਂ ਦਾ ਖੇਤ ਹੈ, ਜੋ ਕੁਝ ਮਨੁੱਖ ਇਸ ਵਿਚ ਬੀਜਦਾ ਹੈ ਉਹੀ ਫ਼ਸਲ ਵੱਢਦਾ ਹੈ (ਜੇਹੇ ਕਰਮ ਕਰਦਾ ਹੈ, ਤੇਹਾ ਫਲ ਪਾਂਦਾ ਹੈ) ।

ਹੇ ਨਾਨਕ! ਜਿਨ੍ਹਾਂ ਦਾ ਰਾਖਾ ਤੇ ਹਿਤੂ ਗੁਰੂ ਬਣਦਾ ਹੈ, ਉਹ ਨਰਕ ਵਿਚ ਨਹੀਂ ਪਾਏ ਜਾਂਦੇ, (ਕਿਉਂਕਿ ਗੁਰੂ ਦੀ ਕਿਰਪਾ ਨਾਲ) ਉਹ ਪ੍ਰਭੂ ਦੀ ਸਰਨ ਵਿਚ ਆ ਜਾਂਦੇ ਹਨ, ਗੁਰੂ ਉਹਨਾਂ ਨੂੰ ਪ੍ਰਭੂ ਦੇ ਚਰਨ-ਰੂਪ ਜਹਾਜ਼ (ਵਿਚ ਚੜ੍ਹਾ) ਦੇਂਦਾ ਹੈ।7।

# ਸਿੱਖ ਧਰਮ ਦੀ ਮੁਢਲੀ ਜਾਣ-ਪਹਿਚਾਣ

| ਦਸ ਗੁਰੂ ਸਾਹਿਬਾਨ |
|---|
| ੧. ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ । |
| ੨. ਦੂਜੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ । |
| ੩. ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ । |
| ੪. ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ । |
| ੫. ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ । |
| ੬. ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ । |
| ੭. ਸੱਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ । |
| ੮. ਅੱਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ । |
| ੯. ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ । |
| ੧੦. ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ । |

| ਚਾਰ ਸਾਹਿਬਜਾਦੇ |
|---|
| ੧. ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ |
| ੨. ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ |
| ੩. ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ |
| ੪. ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ |

| ਪੰਜ ਪਿਆਰੇ |
|---|
| ੧. ਭਾਈ ਦਇਆ ਸਿੰਘ ਜੀ |
| ੨. ਭਾਈ ਧਰਮ ਸਿੰਘ ਜੀ |
| ੩. ਭਾਈ ਹਿਮੰਤ ਸਿੰਘ ਜੀ |
| ੪. ਭਾਈ ਮੋਹਕਮ ਸਿੰਘ ਜੀ |
| ੫. ਭਾਈ ਸਾਹਿਬ ਸਿੰਘ ਜੀ |

| ਤਖ਼ਤ ਸਾਹਿਬਾਨ ਦੇ ਨਾਮ |
|---|
| ੧. ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ, ਪੰਜਾਬ |
| ੨. ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਾਹਿਬ, ਬਿਹਾਰ |
| ੩. ਸ੍ਰੀ ਕੇਸਗੜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਪੰਜਾਬ |
| ੪. ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ, ਪੰਜਾਬ |
| ੫. ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਸਾਹਿਬ, ਮਹਾਰਾਸ਼ਟਰ |

### ਫ਼ਤਿਹ

ਜਦੋਂ ਸਿੱਖ ਆਪਸ ਵਿੱਚ ਮਿਲਦੇ ਹਨ ਤਾਂ ਇਕ ਦੂਜੇ ਨੂੰ 'ਫ਼ਤਿਹ' ਬੁਲਾਉਂਦੇ ਹਨ। ਫ਼ਤਿਹ ਇਹ ਹੈ :-

**ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਿਹ ॥**

ਸਿੱਖਾਂ ਵਾਸਤੇ 'ਫ਼ਤਿਹ' ਬੁਲਾਉਣੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਹੁਕਮ ਹੈ। ਇਸ ਲਈ ਸਾਨੂੰ ਵੀ ਆਪਸ ਵਿੱਚ ਮਿੱਲਣ ਸਮੇਂ ਸਿਰਫ਼ 'ਫ਼ਤਿਹ'ਬੁਲਾਉਣੀ ਚਾਹੀਦੀ ਹੈ।

## ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

### ਸਿੱਖ ਕਿਸਨੂੰ ਕਹਿੰਦੇ ਹਨ/ ਸਿੱਖ ਦੀ ਪਰਿਭਾਸ਼ਾ

ਜੋ ਇਸਤਰੀ ਜਾਂ ਪੁਰਸ਼ ਇੱਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ) ਤੇ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰਖਦਾ ਹੈ ਅਤੇ ਹੋਰ ਕਿਸੇ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ ।

### ਜੈਕਾਰਾ

ਸਿੰਘਾਂ ਦਾ 'ਜੈਕਾਰਾ' ਇਹ ਹੈ :- ਬੋਲੇ ਸੋ ਨਿਹਾਲ॥ ਸਤਿ ਸ੍ਰੀ ਅਕਾਲ॥

੧. ਦੀਵਾਨ ਵਿੱਚ,ਅਰਦਾਸ ਤੋਂ ਬਾਅਦ ਬੁਲਾਇਆ ਜਾਂਦਾ ਹੈ।

੨. ਸਿੱਖ ਸਿਪਾਹੀ, ਜੰਗਾਂ-ਜੁੱਧਾਂ ਵਿੱਚ ਵੀ ਇਹੀ ਜੈਕਾਰਾ ਛੱਡਦੇ ਹਨ।

**ਸਿੱਖ ਰਹਿਤ ਮਰਿਯਾਦਾ ਅਨੁਸਾਰ ਨਿੱਤਨੇਮ ਦੀਆਂ ਬਾਣੀਆਂ ਇਸ ਪ੍ਰਕਾਰ ਹਨ :-**

**ਅੰਮ੍ਰਿਤ ਵੇਲੇ**

੧. ਜਪੁ ਜੀ ਸਾਹਿਬ ॥

੨. ਜਾਪੁ ਸਾਹਿਬ ॥

੩. ਤ੍ਵਪ੍ਰਸਾਦਿ ਸਵੱਯੇ॥ ਪਾਤਸ਼ਾਹੀ ੧੦॥

**ਸ਼ਾਮ ਨੂੰ ਸੂਰਜ ਡੁੱਬਣ ਵੇਲੇ**

੪. ਰਹਿਰਾਸ ਸਾਹਿਬ॥

**ਰਾਤ ਨੂੰ ਸੌਣ ਵੇਲੇ**

੫. ਸੋਹਿਲਾ ਸਾਹਿਬ॥

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖੰਡੇ-ਬਾਟੇ ਦੀ ਪਾਹੁਲ (ਅੰਮ੍ਰਿਤ) ਛਕਾਉਣ ਸਮੇਂ, ਸਿੰਘਾਂ ਨੂੰ ਹਰ ਸਮੇਂ, ਪੰਜ ਕਕਾਰਾਂ ਦੀ ਰਹਿਤ ਧਾਰਨ ਕਰਨ ਦਾ ਹੁਕਮ ਕੀਤਾ ਹੈ।

**ਪੰਜ ਕਕਾਰ**

੧. ਕੇਸ ੨. ਕੰਘਾ ੩. ਕੜਾ ੪. ਕਛਹਿਰਾ ੫. ਕ੍ਰਿਪਾਨ

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁਕਰਵਾਰ | ਸ਼ਨੀਵਾਰ |
|---|---|---|---|---|---|---|
| **ਸਤੰਬਰ 2023** | | **ਅੱਸੂ** | | | **ਅਕਤੂਬਰ 2023** | |
| 1 ਅੱਸੂ<br>17 ਸਤੰਬਰ<br>ਭਾਦਰੋਂ ਸੁਦੀ ਦੂਜ | 2 ਅੱਸੂ<br>18 ਸਤੰਬਰ<br>ਭਾਦਰੋਂ ਸੁਦੀ ਤੀਜ | 3 ਅੱਸੂ<br>19 ਸਤੰਬਰ<br>ਭਾਦਰੋਂ ਸੁਦੀ ਚੌਥ | 4 ਅੱਸੂ<br>20 ਸਤੰਬਰ<br>ਭਾਦਰੋਂ ਸੁਦੀ ਪੰਚਮੀ | 5 ਅੱਸੂ<br>21 ਸਤੰਬਰ<br>ਭਾਦਰੋਂ ਸੁਦੀ ਛਟ | 6 ਅੱਸੂ<br>22 ਸਤੰਬਰ<br>ਭਾਦਰੋਂ ਸੁਦੀ ਸਤਮੀ | 7 ਅੱਸੂ<br>23 ਸਤੰਬਰ<br>ਭਾਦਰੋਂ ਸੁਦੀ ਅਸ਼ਟਮੀ |
| 8 ਅੱਸੂ<br>24 ਸਤੰਬਰ<br>ਭਾਦਰੋਂ ਸੁਦੀ ਨਵਮੀ | 9 ਅੱਸੂ<br>25 ਸਤੰਬਰ<br>ਭਾਦਰੋਂ ਸੁਦੀ ਦਸਮੀ-ਇਕਾਦਸੀ | 10 ਅੱਸੂ<br>26 ਸਤੰਬਰ<br>ਭਾਦਰੋਂ ਸੁਦੀ ਦੁਆਦਸੀ | 11 ਅੱਸੂ<br>27 ਸਤੰਬਰ<br>ਭਾਦਰੋਂ ਸੁਦੀ ਤ੍ਰੌਦਸੀ | 12 ਅੱਸੂ<br>28 ਸਤੰਬਰ<br>ਭਾਦਰੋਂ ਸੁਦੀ ਚੌਦਸ | 13 ਅੱਸੂ<br>29 ਸਤੰਬਰ<br>**ਪੂਰਨਮਾਸੀ** | 14 ਅੱਸੂ<br>30 ਸਤੰਬਰ<br>ਅੱਸੂ ਵਦੀ ਏਕਮ |
